# ਮਹਿੰਦੀ ਦੇ ਪੱਤੇ

(ਕਵਿਤਾ-ਸੰਗ੍ਰਹਿ)

**ਲੇਖਕ ਦੀਆਂ ਹੋਰ ਪੁਸਤਕਾਂ**

- ਦਿਨ ਵੇਲੇ ਦੀ ਬਾਤ (ਕਵਿਤਾਵਾਂ, 1980)
- ਆਪਣੀ ਧੁੱਪੇ ਆਪਣੀ ਛਾਵੇਂ (ਕਵਿਤਾਵਾਂ, 1983)
- ਕਲਮ ਉਦਾਸ ਹੈ (ਕਵਿਤਾਵਾਂ, 1986)
- ਦਰਦ ਮਿੱਟੀ ਦਾ (ਕਵਿਤਾਵਾਂ, 1998)
- ਵੋਹ ਲਫ਼ਜ਼ ਕੇ ਜੋ (ਚੋਣਵੀਆਂ ਕਵਿਤਾਵਾਂ ਦੇ ਉਰਦੂ ਅਨੁਵਾਦ, 2001)
- ਨਾਲਿ ਮੇਰੇ ਕੋਈ ਚੱਲੇ (ਕਵਿਤਾਵਾਂ, 2003)

# ਮਹਿੰਦੀ ਦੇ ਪੱਤੇ

(ਕਵਿਤਾ-ਸੰਗ੍ਰਹਿ)

**ਜਸਬੀਰ ਸਿੰਘ ਧੀਮਾਨ**

**Mehandi de Patte**

*by*


**Jasbir Singh Dhiman**
B-3/233, Near Chowk Bahadarpur
Hoshiarpur-146001
Ph. 01882-221885, Mob. 98887-17647
P.O. Bon 1011 Safat, 13011 Safat,
Kuwait, 00965-66249875



2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219



*© 2010*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਤ

ਲਾਡਲੀ ਪੋਤਰੀ ਅਨੰਨਿਆਂ ਸਿੰਘ
ਅਤੇ ਉਸਦੀਆਂ ਹਮਉਮਰ
ਬੱਚੀਆਂ ਦੇ ਨਾਂ

ਮਹਿੰਦੀ ਦੇ ਬੂਟਿਆ ਤੈਨੂੰ ਗੁਡ ਲਈਏ ਗੁਡਾਏ ਲਈਏ
ਗੁਡਣ ਤਾਂ ਵਾਲਾ ਜਾਨੀ ਘਰ ਨਹੀਂਉਂ
ਉਹ ਗਿਆ ਪ੍ਰਦੇਸ਼

ਲੋਕਗੀਤ

## 'ਰੰਗ ਲਾਤੀ ਹੈ ਹਿਨਾ, ਪੱਥਰ ਪੇ ਗ੍ਰਿਸ ਜਾਨੇ ਕੇ ਬਾਦ

ਪੰਜਾਬੀ ਪਰਵਾਸੀ ਸਾਹਿਤ ਦੀ ਚਰਚਾ ਵਧੇਰੇ ਕਰਕੇ ਇੰਗਲੈਂਡ, ਕਨੇਡਾ ਅਤੇ ਅਮਰੀਕੀ ਪ੍ਰਸੰਗ ਵਿੱਚ ਹੀ ਹੁੰਦੀ ਰਹੀ ਹੈ। ਇਸਦੇ ਕਈ ਕਾਰਣ ਹਨ। ਪਹਿਲਾ ਕਾਰਣ ਇਹ ਹੈ ਕਿ ਇਨ੍ਹਾਂ ਪ੍ਰਦੇਸਾਂ ਦਾ ਵਿਕਸਿਤ ਦੇਸ਼ ਹੋਣ ਕਾਰਣ ਡਾਲਰ / ਪੌਂਡ ਦੀ ਰੁਪਏ ਵਿਚ ਵਟਾਂਦਰਾ ਦਰ 50 /80 ਗੁਣਾਂ ਵਧੇਰੇ ਹੋਣ ਕਰਕੇ ਹਰ ਕੋਈ ਇਧਰ ਨੂੰ ਹੀ ਜਾਣ ਦੀ ਸੋਚ ਰਿਹਾ ਹੈ। ਸਾਹਿਤਕਾਰ ਵੀ ਇਸਦਾ ਅਪਵਾਦ ਨਹੀਂ। ਜਦੋਂ ਇਨ੍ਹਾਂ ਦੇਸ਼ਾਂ ਦੇ ਕਾਨੂੰਨ ਸਖਤ ਹੁੰਦੇ ਹਨ ਤਾਂ ਯੂਰਪ ਦਾ 'ਯੂਰੋ' ਖਿੱਚ ਦਾ ਕਾਰਣ ਬਣ ਜਾਂਦਾ ਹੈ। ਇਸੇ ਕਾਰਣ ਖਾੜੀ ਦੇਸ਼ਾਂ ਵਿੱਚ ਜਾ ਕੇ ਹੱਡ ਭੰਨਵੀਂ ਕਮਾਈ ਕਰਦੇ ਅਤੇ ਪੰਜਾਬੀ ਸਾਹਿਤ ਦੀ ਲੋਅ ਜਗਾਈ ਰੱਖਣ ਵਾਲੇ ਸਾਹਿਤਕਾਰਾਂ ਨੂੰ ਮਾਰਜਿਨ ਤੋਂ ਵੀ ਧੱਕ ਦਿੱਤਾ ਜਾਂਦਾ ਹੈ। ਉਦਾਹਰਣ ਲਈ ਕੁਵੈਤ ਵਿਚ ਹੀ ਚਤਰ ਸਿੰਘ ਸਾਹਨੀ ਖਾਨਪੁਰੀ, ਗੁਰਚਰਨ ਸਿੰਘ ਫਲਕ, ਪਿਆਰਾ ਸਿੰਘ ਰਮਤਾ, ਗੁਰਬਖਸ਼ ਡੋਗਰਾ, ਕੇਦਾਰ ਨਾਥ ਕੇਦਾਰ, ਭਗਵੰਤ ਸਿੰਘ ਡੋਗਰਾ, ਚੰਨੀ ਫਰੀਦਾਬਾਦੀ, ਕਰਤਾਰ ਸਿੰਘ ਸਾਥੀ, ਰਣਜੀਤ ਬਾਬੂ (ਡੁਬਈ) ਅਤੇ ਜਸਬੀਰ ਸਿੰਘ ਧੀਮਾਨ ਦੇ ਨਾਵਾਂ ਨੂੰ ਕਿਸੇ ਵੀ ਪਰਵਾਸੀ ਸਾਹਿਤਕਾਰਾਂ ਦੀ ਲਿਸਟ ਵਿਚ ਥਾਂ ਨਹੀਂ ਮਿਲੀ।

ਇਹ ਸਾਹਿਤਕਾਰ ਅਜਿਹੇ ਮਾਹੌਲ ਵਿੱਚ ਰਹਿ ਰਹੇ ਹਨ ਜਿੱਥੇ ਉਨ੍ਹਾਂ ਨੂੰ ਰਾਜਨੀਤਿਕ ਪੱਧਰ 'ਤੇ ਗੱਲ ਕਰਨ ਦੀ ਅਜ਼ਾਦੀ ਨਹੀਂ, ਵੋਟ ਪਾਉਣ ਦਾ ਅਧਿਕਾਰ ਨਹੀਂ। ਕੱਟੜਤਾ ਦੇ ਮਾਹੌਲ ਵਿਚ ਇਹ ਸਾਹਿਤਕਾਰ ਤੇ ਗ਼ੈਰ ਸਾਹਿਤਕਾਰ ਵੀ ਆਪਣੇ ਪਰਿਵਾਰਾਂ ਨੂੰ ਨਾਲ ਨਹੀਂ ਰੱਖਦੇ। ਆਪਣੇ ਸੰਗਠਨ ਨਹੀਂ ਬਣਾ ਸਕਦੇ। ਇਸ ਸਥਿਤੀ ਵਿੱਚ ਇਨ੍ਹਾਂ ਦੀਆਂ ਮਾਨਸਿਕ ਗੁੰਝਲਾਂ ਨੂੰ ਸਮਝਿਆ ਜਾ ਸਕਦਾ ਹੈ।

ਅਜਿਹੀਆਂ ਸਥਿਤੀਆਂ ਵਿੱਚ ਮਨੁੱਖੀ ਮਾਨਸਿਕਤਾ ਨੂੰ ਸਮਝਣ ਲਈ ਜਸਬੀਰ ਧੀਮਾਨ ਦੀ ਕਵਿਤਾ ਵਧੇਰੇ ਕਾਰਗਰ ਸਾਬਤ ਹੁੰਦੀ ਹੈ ਜੋ ਕੁਵੈਤ ਵਿਚ ਕਈ ਦਹਾਕਿਆਂ ਤੋਂ ਰਹਿ ਰਿਹਾ ਹੈ। ਜਸਬੀਰ ਧੀਮਾਨ ਹੁਣ ਤੱਕ ਛੇ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਕਰਵਾ ਚੁੱਕਾ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਪਰਵਾਸੀ ਹੋਣ ਦੇ ਦਰਦ ਨੂੰ ਪ੍ਰਗਟਾਉਂਦਾ ਹੋਇਆ, ਪ੍ਰਗਤੀਵਾਦੀ ਸੁਰ ਨੂੰ ਹਮੇਸ਼ਾ ਆਪਣੇ ਅੰਗ-ਸੰਗ ਰੱਖਦਾ ਹੈ। ਹਥਲਾ 'ਮਹਿੰਦੀ ਦੇ ਪੱਤੇ' ਕਾਵਿ ਸੰਗ੍ਰਹਿ ਕਈ ਪੱਖਾਂ ਕਰਕੇ ਮਹੱਤਵਪੂਰਣ ਹੈ।

ਜਸਬੀਰ ਧੀਮਾਨ ਦੀ ਵਿਸ਼ਵ ਦ੍ਰਿਸ਼ਟੀ ਉਸਨੂੰ ਕਵਿਤਾ ਦੀ ਰਚਨਾ ਪ੍ਰਕ੍ਰਿਆ ਦੇ ਵੱਖਰੇ ਅਰਥ ਸਮਝਾਉਂਦੀ ਹੈ। ਜਦੋਂ ਯਥਾਰਥ ਦੀ ਕਰੂਰਤਾ ਮਨ ਤੱਕ ਪ੍ਰਭਾਵਸ਼ੀਲ ਹੁੰਦੀ ਹੈ ਅਤੇ ਮਨ ਦੀ ਪੀੜ ਅਸਹਿ ਹੁੰਦੀ ਹੈ ਤਾਂ ਫਿਰ ਸੋਚ ਇਨਕਲਾਬ ਵੱਲ ਪਰਤਦੀ ਹੈ।

ਕਵੀ ਇਸ ਸਮੇਂ ਕਵਿਤਾ ਵੱਲ ਪਰਤਦਾ ਹੈ। ਇਸ ਦ੍ਰਿਸ਼ਟੀ ਤੋਂ ਧੀਮਾਨ ਦੀ 'ਛਾਲੇ' ਕਵਿਤਾ ਬੜੀ ਵਿਚਾਰ ਉਤੇਜਿਕ ਹੈ।

ਮਨ ਤੇ ਪਏ ਛਾਲੇ
ਜਦ ਫੁੱਟਦੇ ਹਨ
ਪੀੜ ਦੇ ਨਾਲ ਨਾਲ
ਉਨ੍ਹਾਂ ਦਾ ਨਿਕਲਿਆ ਪਾਣੀ
ਫੈਲ ਜਾਂਦਾ ਹੈ
ਫੈਸਲਿਆਂ ਦੀ ਧਰਤੀ ਤੱਕ
ਛਾਲੇ ਲੈ ਜਾਂਦੇ ਹਨ
ਕਿਸੇ ਨੂੰ
ਇਨਕਲਾਬ ਲਿਆਉਣ ਤੱਕ
ਕਵੀ ਨੂੰ ਕਵਿਤਾ ਲਿਖਣ ਤੱਕ

ਧੀਮਾਨ ਦੀ ਕਵਿਤਾ ਚੁਫੇਰਗੜ੍ਹੀ ਨਹੀਂ ਹੋ ਸਕਦੀ, ਉਹ ਤਾਂ ਭਵਿੱਖ ਦੇ ਸੁਪਨੇ ਬੀਜਦੀ, ਬੀਤੇ ਜ਼ਖਮਾਂ 'ਤੇ ਫਹੇ ਲਗਾਉਂਦੀ ਸਮਕਾਲੀ ਦੁੱਖਾਂ ਸੁੱਖਾਂ ਨਾਲ ਮਨੁੱਖ ਨਾਲ ਖੜ੍ਹਦੀ ਹੈ। ਇਹੋ ਹੀ ਹੈ ਕਵਿਤਾ ਦੀ ਮਾਨਵਵਾਦੀ ਸੁਰ। ਕਵੀ ਦੀ ਪ੍ਰਤਿਬੱਧਤਾ ਦੀ ਸੁਰ।

ਕਵਿਤਾ ਨੂੰ ਕਵਿਤਾ ਹੀ ਰਹਿਣ ਦਿਉ
ਸੁਘੜ ਸਿਆਣੀ
ਆਪਣੀਆਂ ਸੋਚਾਂ ਵਿਚ ਗੁਆਚੀ,
ਅੱਖਾਂ ਵਿਚ ਭਵਿੱਖ ਲਈ
ਸੁਪਨੇ ਬੀਜਦੀ
ਬੀਤ ਗਏ ਦੇ ਜਖ਼ਮਾਂ 'ਤੇ
ਮਰਹਮ ਲਗਾਉਂਦੀ
ਅੱਜ ਦੀਆਂ ਔਖਾਂ ਸੌਖਾਂ
ਨਾਲ ਨਿਭਾਉਂਦੀ ਵਿਚਰਦੀ।

ਕਵਿਤਾ ਕਿਤੇ ਮੋਹ-ਮੱਤੀ ਜ਼ਿੰਦਗੀ ਦੇ ਟੁੱਟਣ ਦੇ ਅਹਿਸਾਸ ਵਿਚੋਂ ਵੀ ਜਨਮ ਲੈ ਸਕਦੀ ਹੈ, ਮੋਹਨ ਸਿੰਘ ਦੀ ਬਸੰਤ ਦੇ ਪ੍ਰਭਾਵ ਵਾਂਗ।

ਮੈਂ ਜਾਣਦਾ ਹਾਂ
ਜਦੋਂ ਤੂੰ ਨਹੀਂ ਹੋਵੇਂਗੀ

ਉਦੋਂ ਹਰ ਪਲ
ਆਪਣੇ ਮਨ ਦੀ ਸਲੇਟ 'ਤੇ
ਤੇਰੀ ਉਡੀਕ ਵਿੱਚ
ਕਵਿਤਾ ਲਿਖਦਾ
ਮੈਂ ਕਵੀ ਹੋਵਾਂਗਾ।

ਜਸਬੀਰ ਧੀਮਾਨ ਪਰਵਾਸੀ ਹੋਣ ਦੀ ਸਚਾਈ ਨੂੰ ਤੇ ਇਸਦੇ ਕਾਰਣ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਹੈ। ਉਹ ਸਵਾਲ ਰਾਹੀਂ ਹੀ ਇਸਦਾ ਉੱਤਰ ਢੂੰਢ ਲੈਂਦਾ ਹੈ।

ਕੀ ਪ੍ਰਵਾਸੀ ਹੋਣ ਦੀ ਪੀੜ
ਭੁੱਖੇ ਰਹਿਣ ਦੀ ਪੀੜ ਤੋਂ
ਜ਼ਿਆਦਾ ਵੱਡੀ ਏ?

ਪਰਵਾਸ ਦਾ ਜੀਵਨ ਧੁੰਦਲਾ ਹੈ ਕਿਉਂਕਿ ਪਰਵਾਸੀ ਨੂੰ ਨਵੇਂ ਸਮਾਜ ਤੇ ਨਵੀਆਂ ਪ੍ਰਸਥਿਤੀਆਂ ਨਾਲ ਜੂਝਣਾ ਪੈਂਦਾ ਹੈ। ਫਿਰ ਵੀ ਪਰਵਾਸ ਵਿਚ ਰਹਿ ਕੇ 'ਭੁੱਖ ਦੀ ਪੀੜ' ਨੂੰ ਸ਼ਾਂਤ ਕਰਨ ਲਈ ਮਨੁੱਖ ਆਪਣੇ ਅਨਿਸ਼ਚਿਤ ਭਵਿੱਖ ਲਈ ਲੜਨ ਲਈ ਤਿਆਰ ਰਹਿੰਦਾ ਹੈ। ਇਸੇ ਲਈ ਉਹ ਆਪਣੇ ਵਤਨ ਦੀ ਖਿੱਚ ਹੋਣ ਦੇ ਬਾਵਜੂਦ ਵਾਪਸ ਨਹੀਂ ਪਰਤ ਸਕਦਾ। ਫਿਰ ਵੀ ਉਸਨੂੰ ਇਹ ਅਹਿਸਾਸ ਰਹਿੰਦਾ ਹੈ ਕਿ ਉਹ ਹੋਰਨਾਂ ਦੀਆਂ ਸਿਮ੍ਰਤੀਆਂ ਵਿਚ ਜਿਊਂਦਾ ਰਹੇਗਾ।

ਪਰ ਪੰਛੀ ਨਹੀਂ ਜਾਣਦੇ,
ਕਿਹੜੇ ਦੇਸ਼ ਜਾਣਗੇ
ਉੱਥੋਂ ਦੇ ਮੌਸਮ
ਉਨ੍ਹਾਂ ਨਾਲ
ਕੀ ਸਲੂਕ ਕਰਨਗੇ।...
ਮੈਂ ਇੱਥੇ ਰਹਾਂਗਾ
ਤੁਹਾਡੀਆਂ ਸਿਮ੍ਰਤੀਆਂ ਵਿਚ ਜੀਊਂਦਾ

ਪਰਵਾਸ ਦੇ ਦੁੱਖ ਦੀ ਇੰਤਹਾ 'ਕਦੀ ਕਦੀ' ਕਵਿਤਾ ਵਿਚ ਦੇਖਣ ਨੂੰ ਮਿਲਦੀ ਹੈ। ਇਹ ਕਵਿਤਾ ਆਪਣੀ ਟਿੱਪਣੀ ਆਪ ਹੀ ਹੈ।

ਕਦੀ ਕਦੀ ਬਚ ਕੇ ਨਿਕਲ ਜਾਣ ਦਾ
ਕੋਈ ਵੀ ਰਾਹ ਨਜ਼ਰ ਨਹੀਂ ਆਉਂਦਾ।
ਦੁੱਖ ਦੀ ਇਬਾਰਤ ਲਿਖਣ ਲਈ
ਛੋਟਾ ਲਗਦਾ ਹੈ ਜਿੰਦਗੀ ਦਾ ਕਾਗਜ਼।

ਹੰਝੂਆਂ ਦੀ ਸਿਆਹੀ
ਕਾਫ਼ੀ ਨਹੀਂ ਲੱਗਦੀ
ਇਬਾਰਤ ਨੂੰ ਕੋਈ ਮੋੜ ਦੇਣ ਲਈ
ਥੋੜ੍ਹੇ ਪੈ ਜਾਂਦੇ ਹਨ ਹਾਉਕੇ
ਸਮਾਂ ਜਿਵੇਂ ਖਲੋ ਜਾਂਦਾ ਹੈ
ਜੀਭ ਬੋਲਣੋ ਇਨਕਾਰੀ
ਕੰਧਾਂ 'ਤੇ ਲੱਗੇ ਇਸ਼ਤਿਹਾਰ
ਖਿੱਲੀ ਉਡਾਉਂਦੇ ਹਨ
ਲੋਕਾਂ ਦਾ ਗੰਵਾਰ ਹਾਸਾ
ਕੰਨੀਂ ਪੈਂਦਾ ਹੈ।

ਅਜਿਹੇ ਹਾਲਾਤ ਵਿਚ ਬੰਦਾ ਬੇਬਸੀ ਵਿੱਚ ਫੜਫੜਾ ਹੀ ਸਕਦਾ ਹੈ, ਕਿਉਂਕਿ ਇਸ ਸਥਿਤੀ ਨੇ ਉਸਦੇ ਨਹੁੰ ਭੋਰ ਦਿੱਤੇ ਹਨ ਜਿਨ੍ਹਾਂ ਨਾਲ ਉਹ ਆਪਣੇ ਬਾਗੀ ਹੋਣ ਦਾ ਇਜ਼ਹਾਰ ਕਰ ਸਕਦਾ ਸੀ।

ਹਾਲਾਤ ਦੀ ਤਪਸ਼ ਨਾਲ
ਭੁਰ ਚੁੱਕੇ
ਆਪਣੇ ਨਹੁੰ ਵੇਖਦਾ ਹਾਂ
ਨਹੀਂ ਤਾਂ ਉਸ ਦੇ ਨਹੁੰਆਂ ਨਾਲ
ਇਹ ਇਸ਼ਤਿਹਾਰ ਪਾੜ ਕੇ
ਕਦਦੇ ਸੁੱਟ ਦਿੱਤੇ ਹੁੰਦੇ।

ਖਾੜੀ ਦੇਸ਼ਾਂ ਦੇ ਪਰਵਾਸ ਨੇ ਪਤੀ ਪਤਨੀ ਦੇ ਰਿਸ਼ਤਿਆਂ ਵਿਚ ਉਹੋ ਜਿਹਾ ਦੁਖਾਂਤ ਹੀ ਭਰ ਦਿੱਤਾ ਹੈ ਜੋ ਮੱਧਕਾਲ ਵਿੱਚ ਬਾਰਾਂ ਵਰ੍ਹੇ ਬਾਹਰ ਰਹੇ ਪਤੀ ਦੇ ਨਾਲ ਨਾਲ ਪਤਨੀ ਵੀ ਭੋਗਦੀ ਹੈ। ਅਜੋਕਾ ਪਤੀ ਕਮਰਸ਼ੀਅਲ ਬਰੇਕ ਸਮੇਂ ਵੀ ਫੁਰਸਤ ਦੇ ਪਲ ਨਹੀਂ, ਕਲਪਨਾ ਦਾ ਦੁਖਾਂਤ ਭੋਗਦਾ ਹੈ। ਗੁਆਚੇ ਆਪੇ ਨੂੰ ਭਾਲਦਾ 'ਝੀਲ ਵਰਗੀਆਂ ਅੱਖਾਂ ਵਾਲੇ ਗੁਆਚੇ ਚਿਹਰੇ ਨੂੰ' ਕਲਪਦਾ ਹੈ। ਸਚਮੁੱਚ ਹੀ ਜਸਬੀਰ ਧੀਮਾਨ ਇਸ ਕਾਵਿ-ਪੁਸਤਕ ਵਿਚ ਵਧੇਰੇ ਡੂੰਘਾਈ ਵਿੱਚ ਜਾਂਦਾ ਨਜ਼ਰ ਆਉਂਦਾ ਹੈ।

ਮੈਂ ਇਸ ਬਰੇਕ ਦੇ ਸਮੇਂ ਅੰਦਰ
ਆਪਣੇ ਆਪ ਨੂੰ ਲੱਭਦਾ
ਕੁਝ ਪਲ ਭਟਕ ਸਕਦਾ ਹਾਂ
ਆਪਣੇ ਦੇਸ਼ ਜਾਂ ਵਿਸ਼ਵ ਦੀ ਐਟਲਸ

ਕਿੰਨੇ ਦੁੱਖਾਂ ਦੇ ਰੂਬਰੂ ਹੋ ਸਕਦਾ ਹਾਂ
ਵੇਖ ਸਕਦਾ ਹਾਂ।
ਝੀਲ ਵਰਗੀਆਂ ਅੱਖਾਂ ਵਾਲਾ
ਕਿਤੇ ਗੁਆਚਾ ਚਿਹਰਾ
ਕਿਸੇ ਡਰ ਦਾ ਡੰਗਿਆ
ਕਿਸੇ ਬੁਰੀ ਖ਼ਬਰ ਦੀ ਉਡੀਕ ਵਿਚ।

ਇਸ ਦੇ ਉੱਪਰ ਜ਼ੁਲਮ ਇਹ ਹੈ ਕਿ ਵਿਸ਼ਵ ਦੇ ਮੰਦਵਾੜੇ ਨੇ ਖਾੜੀ ਦੇਸ਼ਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਓਵਰ ਟਾਈਮ ਵਿਚ ਕੱਟ ਲੱਗ ਰਿਹਾ ਹੈ। ਨੌਕਰੀ ਜਾਣ ਦਾ ਖਤਰਾ ਸਿਰ 'ਤੇ ਤਲਵਾਰ ਵਾਂਗ ਲਟਕ ਰਿਹਾ ਹੈ ਪਰ ਕੰਪਨੀ ਜੋ ਕੁਝ ਕਰ ਰਹੀ ਹੈ, ਉਸਦੇ ਅਸਲੀ ਕਾਰਣ ਨੂੰ ਛੁਪਾ ਕੇ ਕਾਮੇ ਦੇ ਹੱਕ ਦੀ ਦੁਹਾਈ ਦਿੰਦੀ ਹੈ। ਪਰ ਕਵੀ ਦੀ ਤਿੱਖੀ ਨਜ਼ਰ ਇਸ ਦੋਹਰੇ ਚਰਿਤ੍ਰ ਨੂੰ ਪਛਾਨਣ ਵਿਚ ਕੁਤਾਹੀ ਨਹੀਂ ਕਰਦੀ। ਉਹ ਵਿਅੰਗ ਦੀ ਧਾਰ ਨਾਲ ਸੱਚ ਸਾਹਮਣੇ ਲੈ ਆਉਂਦਾ ਹੈ।

ਕੰਪਨੀ ਸੋਚਦੀ ਹੈ
ਰੋਜ਼ ਰੋਜ਼ ਦਾ ਬਹੁਤਾ ਕੰਮ ਕਰਨਾ
ਕਾਮੇ ਦੀ ਸਿਹਤ ਲਈ ਹਾਨੀਕਾਰਕ
ਕਾਮੇ ਦੀ ਸਿਹਤ
ਕੰਪਨੀ ਲਈ ਅਹਿਮ
ਇਸ ਲਈ
ਅੱਜ ਤੋਂ ਓਵਰ ਟਾਈਮ
ਘਟਾ ਦਿੱਤਾ ਜਾਵੇਗਾ
ਵੇਖੋ
ਕੰਪਨੀ ਦੇ ਅਫ਼ਸਰ ਕਿੰਨੇ ਚੰਗੇ ਹਨ।

ਪਰਵਾਸੀ ਦਾ ਸਾਰਾ ਜੀਵਨ ਹੀ ਸੰਘਰਸ਼ਮਈ ਹੋ ਜਾਂਦਾ ਹੈ। ਇਸੇ ਲਈ ਉਹ ਆਪਣਾ ਪਤਾ ਲਿਖਵਾਉਂਦਾ ਹੈ।

ਮੇਰਾ ਈ-ਮੇਲ ਪਤਾ ਹੈ
ਗੁਆਚਿਆ ਬਚਪਨ
ਗੁਆਚੀ ਜਵਾਨੀ
ਐਟ ਦਾ ਰੇਟ ਗੁਆਚਿਆ ਜੀਵਨ
ਡੌਟ ਕਾਮ।

ਧੀਮਾਨ ਦੀਆਂ ਸਮੁੱਚੀਆਂ ਕਵਿਤਾਵਾਂ ਦੀ ਪ੍ਰਿਸ਼ਟ-ਭੂਮੀ ਸਮਕਾਲੀ ਵਿਸ਼ਵੀ ਸਥਿਤੀ ਹੈ ਜੋ ਅਜੋਕੇ ਮਨੁੱਖ ਨੂੰ ਅਸਹਿਜ ਬਣਾਉਂਦੀ ਹੈ ਅਤੇ ਸੁਪਨਿਆਂ ਨੂੰ ਚੂਰ ਚੂਰ ਕਰਦੀ ਹੈ। ਪ੍ਰਸਥਿਤੀਆਂ ਦੀ ਅਸਹਿਜਤਾ/ਜਟਿਲਤਾ ਮਨੁੱਖ ਦੀ ਸਹਿਜਤਾ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। ਉਸਦਾ ਉਦਾਹਰਣ ਹੈ।

ਜਟਿਲਤਾ ਸਾਡੇ ਕੋਲੋਂ ਬਹੁਤ ਕੁਝ ਖੋਹੀ ਜਾ ਰਹੀ ਹੈ।
ਅੱਖਾਂ 'ਚ ਉਗਮਦਾ ਪਿਆਰ
ਚਿਹਰੇ ਦੀ ਮੁਸਕਾਨ
ਪੂਰੇ ਤਾਣ ਨਾਲ ਕੀਤੀ
ਕਿਸੇ ਆਪਣੇ ਦੀ ਉਡੀਕ

ਵਿਅਕਤੀਵਾਦ ਇੱਥੋਂ ਤੱਕ ਪਹੁੰਚ ਗਿਆ ਹੈ ਕਿ ਜੀਉਣਾ ਮਰਨਾ ਵੀ ਆਪਣਾ ਆਪਣਾ ਹੋ ਗਿਆ ਹੈ।

ਬੰਦੇ ਹਨ ਬੁੱਤ ਬਣੇ ਹੋਏ
ਨਗਰੀ ਹੈ ਬੁੱਤਾਂ ਦੀ
ਸਭ ਜੀਊਂਦੇ ਹਨ
ਸਭ ਮਰਦੇ ਹਨ
ਪਰ ਸਭ ਕੁਝ ਵੀ ਆਪਣਾ ਆਪਣਾ ਹੈ।

ਧੀਮਾਨ ਚਾਨਣ ਖੁੱਸਣ ਅਤੇ ਅਜੀਬ ਹਨੇਰੇ ਦੀ ਬਾਤ ਪਾਉਂਦਾ ਹੈ, ਨੀਂਦ ਉਖੜਨ ਤੇ ਕਿੰਨਾ ਕੁਝ ਗੁਆਚਣ ਦਾ ਅਹਿਸਾਸ ਕਰਵਾਉਂਦਾ ਹੈ। ਧੀਮਾਨ ਮਨੁੱਖ ਲਈ ਅਜਿਹੇ ਘਰ ਦੀ ਭਾਲ਼ ਵਿੱਚ ਹੈ ਜਿੱਥੇ ਹੰਢਾਏ ਸੰਤਾਪਾਂ ਲਈ ਕੋਈ ਥਾਂ ਨਾ ਹੋਵੇ ਤੇ ਨਾ ਹੀ ਉਹ ਅਜਿਹੇ ਸੁਪਨੇ ਚਾਹੁੰਦਾ ਹੈ ਜਿਨ੍ਹਾਂ ਦੇ ਪੂਰੇ ਨਾ ਹੋ ਸਕਣ 'ਤੇ ਉਮਰ ਭਰ ਦੀ ਨੀਂਦ ਗੁਆਚ ਜਾਂਦੀ ਹੈ। ਕਵੀ ਰਿਸ਼ਤਿਆਂ ਦੀ ਖੁਦਕਸ਼ੀ ਦੇ ਪ੍ਰਭਾਵ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ/ ਕਰਵਾਉਂਦਾ ਹੈ। ਅਜਿਹੀ ਖੁਦਕਸ਼ੀ ਸਮੇਂ ਸਮਾਂ ਵੀ ਜੀਵਨ ਵਿਹੂਣਾ ਲਗਦਾ ਹੈ, ਵਿਸ਼ਵਾਸ਼ ਨੂੰ ਵੀ ਵਿਸ਼ਵਾਸ਼ ਨਹੀਂ ਆਉਂਦਾ, ਵਾਅਦੇ ਮੂੰਹ ਵਿਚ ਉਂਗਲਾਂ ਪਾ ਲੈਂਦੇ ਹਨ, ਸੁਪਨੇ ਰੁੜ੍ਹ ਜਾਂਦੇ ਹਨ, ਹਾਸਿਆਂ ਨੂੰ ਅਧਰੰਗ ਹੋ ਜਾਂਦਾ ਹੈ, ਕਿਉਂਕਿ 'ਇਕ ਰਿਸ਼ਤਾ ਖੁਦਕਸ਼ੀ ਕਰ ਗਿਆ ਹੈ'। ਮਨੁੱਖ ਨੂੰ ਮਿਲਣਾ ਜੰਗਲ ਪਾਰ ਕਰਨਾ ਹੈ ਇਸ ਲਈ ਕਵੀ ਇਸ ਤੋਂ ਵੱਖਰੇ 'ਵਿਅਕਤੀ ਦੀ ਭਾਲ ਵਿਚ' ਹੈ। ਜ਼ਿੰਦਗੀ ਦੇ ਫਾਸਲੇ ਤੈਅ ਹੋਣ ਤੋਂ ਬਾਅਦ ਵੀ ਸਕੂਨ ਦੇਣ ਦੀ ਬਜਾਇ ਮਨ ਨੂੰ ਪੀੜ ਨਾਲ ਭਰ ਜਾਂਦੇ ਹਨ।

ਜਸਬੀਰ ਧੀਮਾਨ ਦੀ ਕਵਿਤਾ ਜਦੋਂ ਨਿੱਜੀ ਅਨੁਭਵਾਂ ਨੂੰ ਕਾਵਿ ਵਿੱਚ ਢਾਲਦੀ ਹੈ ਤਾਂ ਉਹ ਅਨੁਭਵ ਸਮੁੱਚੇ ਕਾਮੇ ਮਨੁੱਖ ਦਾ ਦੁਖਾਂਤ ਬਣ ਜਾਂਦੇ ਹਨ। ਜਦੋਂ ਕਾਮਾ ਬੰਦਾ

ਜਸ਼ਨ ਵਿਚ ਸ਼ਾਮਿਲ ਹੁੰਦਾ ਹੈ ਤਾਂ ਉਸਦੀ ਚਿੰਤਾ ਇਹ ਹੁੰਦੀ ਹੈ ਕਿ ਕਦੇ ਵੀ ਕੰਮ ਕਰਨ ਨੂੰ ਵੀ ਆਖਿਆ ਜਾ ਸਕਦਾ ਹੈ ਇਸ ਲਈ ਉਹ ਕਿਵੇਂ ਜਸ਼ਨ ਮਨਾ ਸਕਦਾ ਹੈ ?

ਮੈਂ ਪਿੰਡ ਦਾ ਸੇਪੀ
ਫਿਕਰ ਸੀ
ਕੋਈ ਕੰਮ ਹੀ ਨਾ ਪੈ ਜਾਵੇ
ਫੇਰ ਚੌਧਰੀ ਦੇ ਬੋਲ
"ਜਰੂਰ ਆਵੀਂ
ਕੋਈ ਕੰਮ ਵੀ ਪੈ ਸਕਦਾ ਏ।"...
ਘਰੋਂ ਟੁਰਨ ਵੇਲੇ
ਸੰਦਾਂ ਦਾ ਝੋਲਾ
ਨਾਲ ਲੈ ਆਇਆ ਸਾਂ
ਉਂਝ
ਜਸ਼ਨ ਵਿਚ ਮੈਂ ਵੀ ਸ਼ਾਮਿਲ ਸਾਂ।

ਜਸਬੀਰ ਧੀਮਾਨ ਅੱਧ ਪਚੱਧੇ ਸਫ਼ਰ ਤੈਅ ਕਰਨ ਦੇ ਅਹਿਸਾਸ ਤੋਂ ਵਾਕਿਫ਼ ਹੈ। 'ਮੇਰੀ ਬੱਤੀ ਜਲ ਕੇ ਜਿੰਨੀ ਰੌਸ਼ਨੀ ਕੀਤੀ ਉਸਦਾ ਧੰਨਵਾਦ ਕੌਣ ਕਰਦਾ ਹੈ ?' ਇਉਂ ਅਜੋਕੀ ਦੁਨੀਆਂ ਵਿਚ ਨਾਸ਼ੁਕਰਗੁਜ਼ਾਰੀ ਦਾ ਗਿਲਾ ਕੀਤਾ ਗਿਆ ਹੈ। ਉਹ ਬੱਚੇ ਦੀ ਮਾਸੂਮ ਮੁਸਕਾਨ ਵਿੱਚ ਬਿਖਰੇ ਰੰਗਾਂ ਨੂੰ ਫੜਨ ਲਈ ਉਤਾਵਲਾ ਹੈ। ਪ੍ਰਸਥਿਤੀਆਂ ਦੇ ਪ੍ਰਤਿਕੂਲ ਹੋਣ ਦੇ ਬਾਵਜੂਦ ਕਵੀ ਮਨ ਨੇ ਕਦੇ ਵੀ ਚੰਗੇ ਭਵਿੱਖ ਦਾ ਸੁਪਨਾ ਨਹੀਂ ਛੱਡਿਆ ਇਸ ਲਈ ਉਹ ਚੇਤੰਨ ਹੋ ਕੇ ਆਪਣੇ ਆਪ ਨਾਲ ਤੁਰਨ ਦਾ ਅਹਿਦ ਚਾਹੁੰਦਾ ਹੈ। ਉਹ ਦੁੱਖਾਂ ਦੇ ਮੀਂਹ ਵਿਚ ਭਿੱਜ ਕੇ ਵੀ ਨਵਾਂ ਨਕੋਰ ਹੋ ਕੇ 'ਨਵੇਂ ਜੀਵਨ ਦੇ ਰਾਹ' ਤੇ ਤੁਰਨ ਲਈ ਸੱਦਾ ਦਿੰਦਾ ਹੈ। ਕਵੀ ਦੇ ਅਜਿਹੇ ਵਿਚਾਰ ਹੀ ਉਸਨੂੰ ਪਰਿਵਰਤਨਸ਼ੀਲਤਾ ਪ੍ਰਵਾਨ ਕਰਨ ਅਤੇ ਚੰਗੇ ਭਵਿੱਖ ਦਾ ਸੁਪਨਾ ਦੇਖਣ ਦੀ ਦ੍ਰਿਸ਼ਟੀ ਦਿੰਦੇ ਹਨ।

ਦੁਨੀਆਂ ਨੂੰ
ਹੁਸੀਨ ਦੇਖਣ ਦਾ ਸੁਪਨਾ
ਇਸ ਸੁਪਨੇ ਨੂੰ ਲੈ ਜਾਣ ਲਈ
ਉਹ ਇੱਥੋਂ ਤਕ ਆਇਆ ਸੀ।

ਵੈਸੇ ਤਾਂ ਕੋਈ ਵੀ ਬੰਦਾ ਜੰਗ ਦੇ ਹੱਕ ਵਿਚ ਨਹੀਂ ਸਿਵਾਇ ਉਨ੍ਹਾਂ ਲੋਕਾਂ/ਦੇਸ਼ਾਂ ਦੇ ਜਿਨ੍ਹਾਂ ਨੇ ਇਸ ਵਿਚੋਂ ਆਰਥਿਕ/ ਡਿਪਲੋਮੈਟਿਕ ਲਾਹਾ ਖੱਟ ਕੇ 'ਦੁਨੀਆਂ ਨੂੰ ਮੁੱਠੀ ਵਿੱਚ ਕਰਨਾ ਹੈ।' ਪਰੰਤੂ ਪਰਵਾਸੀ ਤਾਂ ਕਦੇ ਵੀ ਅਜਿਹਾ ਨਹੀਂ ਚਾਹੇਗਾ ਤੇ ਨਾ ਹੀ ਉਹ ਦੁਨੀਆਂ ਤੇ ਆਰਥਿਕ ਮੰਦਵਾੜੇ ਨੂੰ ਦੇਖਣਾ ਚਾਹੁੰਦਾ ਹੈ ਕਿਉਂਕਿ ਅਜਿਹਾ ਹੋਣ ਦੀ

ਸੂਰਤ ਵਿੱਚ ਉਸਨੂੰ ਬਨਿਆ ਬਣਾਇਆ ਆਸ਼ਿਆਨਾ ਉਜਾੜ ਕੇ ਮੁੜ ਉੱਥੇ ਹੀ ਆਉਣਾ ਪਵੇਗਾ ਜਿੱਥੇ ਉਹ ਇਸ ਆਸ਼ਿਆਨੇ ਨੂੰ ਬਣਾਉਣ ਦਾ ਸੁਪਨਾ ਲੈ ਕੇ ਤੁਰਿਆ ਸੀ। ਇਸ ਸੰਦਰਭ ਵਿਚ ਜਸਬੀਰ ਧੀਮਾਨ ਦੀਆਂ ਜੰਗ ਨਾਲ ਸਬੰਧਿਤ ਕਵਿਤਾਵਾਂ ਨੂੰ ਵਾਚਣਾ ਪਵੇਗਾ। ਉਹ ਜੰਗ ਨਾਲ ਸੰਬੰਧਿਤ ਕਵਿਤਾਵਾਂ ਵਿਚ ਇਸ ਪੁਸਤਕ ਦੀਆਂ ਦੂਸਰੀਆਂ ਕਵਿਤਾਵਾਂ ਵਾਂਗ ਨਵੇਕਲਾ ਤੇ ਮੌਲਿਕ ਅਹਿਸਾਸ ਲੈ ਕੇ ਸਾਡੇ ਸਾਹਮਣੇ ਉਪਸਥਿਤ ਹੈ। ਉਸ ਲਈ 'ਉਹੀ ਨਾਇਕ ਜਿਸ ਕੋਲ ਸ਼ਕਤੀ' ਹੈ। ਜੰਗ ਵੀ ਤਾਂ ਸ਼ਕਤੀ ਦਾ ਪ੍ਰਦਰਸ਼ਨ ਹੀ ਹੈ। ਉਸ ਲਈ ਜੰਗ ਨੂੰ ਜੰਗ ਦੇ ਪ੍ਰਭਾਵਾਂ ਤੋਂ ਵਧੇਰੇ ਮਹਿਸੂਸਿਆ ਜਾ ਸਕਦਾ ਹੈ। ਜੰਗ 'ਕਿਸੇ ਦੀ ਆਖਰੀ ਚੀਖ ਦੀ ਆਵਾਜ਼ ਵਿਚ' ਬੋਲਦੀ ਹੈ, ਜਾਂ ਫਿਰ ਉਹ ਬੋਲਦੀ ਹੈ 'ਜ਼ਖਮ 'ਚੋਂ ਟਪਕੇ/ ਲਹੂ ਦੀ ਆਵਾਜ਼ ਵਿਚ' ਜਾਂ ਫਿਰ ਉਸਨੂੰ ਬੋਲਦੀ ਸੁਣਿਆਂ ਜਾ ਸਕਦਾ ਹੈ, "ਰਹਿ ਗਿਆਂ ਦੇ ਹਉਕਿਆਂ ਦੀ ਆਵਾਜ਼ ਵਿਚ।' ਇਨ੍ਹਾਂ ਸੂਖਮ ਅਹਿਸਾਸਾਂ ਤੋਂ ਹੀ ਅਸੀਂ ਧੀਮਾਨ ਦੀ ਕਵਿਤਾ ਦੀ ਗਹਿਰਾਈ ਦਾ ਅੰਦਾਜਾ ਲਗਾ ਸਕਦੇ ਹਾਂ ਅਤੇ ਇਹ ਵੀ ਵੇਖਦੇ ਹਾਂ ਕਿ ਇਹ ਗਹਿਰਾਈ ਹਰੇਕ ਕਾਵਿ ਸੰਗ੍ਰਹਿ ਨਾਲ ਹੋਰ ਵੀ ਡੂੰਘੀ ਹੁੰਦੀ ਜਾਂਦੀ ਹੈ। ਜੰਗ ਸੰਬੰਧੀ ਲਿਖੀਆਂ ਕਵਿਤਾਵਾਂ ਨਾਲ ਕੀ ਗੁਜ਼ਰਦੀ ਹੈ, ਉਹ ਤਾਂ ਇਨ੍ਹਾਂ ਪੰਗਤੀਆਂ ਨੂੰ ਹੂ-ਬ-ਹੂ ਵਾਚਣ ਤੋਂ ਹੀ ਪਤਾ ਲੱਗ ਸਕਦਾ ਹੈ।

ਜੰਗ ਬਾਰੇ
ਲਿਖੀਆਂ ਗਈਆਂ ਬਹੁਤੀਆਂ ਨਜ਼ਮਾਂ
ਦਫ਼ਨ ਹੋ ਜਾਂਦੀਆਂ ਹਨ
ਜੰਗ ਵਿਚ
ਮਰਨ ਵਾਲਿਆਂ ਦੇ ਨਾਲ
ਜਾਂ
ਲੱਭਦੀਆਂ ਹਨ ਉਹ ਫੇਰ
ਲੱਥ ਪੱਥ ਲਹੂ 'ਚ
ਮਲਬੇ ਵਿਚੋਂ
ਜ਼ਿੰਦਗੀ ਲੱਭਣ ਵਾਲਿਆਂ ਨੂੰ।

ਧੀਮਾਨ ਦੀ ਕਵਿਤਾ ਵਿਚ ਮੌਤ ਦੀ ਦਾਰਸ਼ਨਿਕਤਾ ਵੀ ਹੈ ਅਤੇ ਜ਼ਿਦਗੀ ਦੇ ਰੁਮਾਂਟਿਕ ਪਲ ਵੀ। ਇਸ ਸਮੁੱਚ ਦਾ ਨਾਂ ਹੀ ਤਾਂ ਜ਼ਿੰਦਗੀ ਹੈ। ਮੌਤ ਦੀਆਂ ਕਵੀ ਅਨੁਸਾਰ ਅਨੇਕਾਂ ਸ਼ਕਲਾਂ ਹੋ ਸਕਦੀਆਂ ਹਨ। 'ਜ਼ਿੰਦਗੀ ਦੇ ਮਿਲੇ ਸਾਹਾਂ ਨੂੰ/ ਬੁਝੇ ਬੁਝੇ ਪੂਰੇ ਕਰਨਾ ਕਿਸੇ ਵਲੋਂ ਕੀਤੀ ਵਧੀਕੀ ਅੱਗੇ/ਸਿਰ ਝੁਕਾ ਦੇਣਾ/ ਸਮਝੌਤਾ ਕਰਨਾ/ ਸਮਝੌਤੇ ਨੂੰ/ ਕੋਈ ਨਵਾਂ ਨਾਂ ਦੇਣਾ' ਵੀ ਮੌਤ ਦੀਆਂ ਨਿਸ਼ਾਨੀਆਂ ਹੀ ਹਨ। ਪਰ ਲੰਬੇ

ਪਰਵਾਸ ਦੌਰਾਨ ਬਿਰਹਾ ਦੀ ਤਪਸ਼ ਸਹਿ ਕੇ ਵੀ 'ਹੁਣ' ਨੂੰ ਜੀਊਣਾ ਲੋਚਦੀ ਹੈ ਧਰਤੀ ਤੇ ਨਾਇਕ ਉਡੀਕਦਾ ਹੈ ਨਾਇਕਾ ਨੂੰ ਮਰੇ ਸੁਪਨਿਆਂ ਸਮੇਤ। ਇਉਂ ਧੀਮਾਨ ਦੀ ਕਵਿਤਾ ਵੱਡੀ ਉਮਰ ਦੇ ਨਵੇਂ ਅਹਿਸਾਸ ਲੈ ਕੇ ਸਾਡੇ ਸਨਮੁੱਖ ਹੈ।

ਪਿਆਸੀ ਧਰਤੀ ਪਈ ਉਡੀਕੇ
ਕਦੀ ਤਾਂ ਬੱਦਲ ਆਵੇ
ਆ ਕੇ ਆਪਣਾ ਤਨ ਨਿਚੋੜੇ
ਮਨ ਨਿਚੋੜੇ
ਉਸਦੀ ਪਿਆਸ ਬੁਝਾਵੇ
ਹੁਣ ਮੈਂ ਕਹਿੰਦਾ ਹਾਂ ਤੂੰ ਆਪਣੇ ਵਾਂਗ ਆਵੀਂ
ਆਪਣੀ ਮੁਸਕਾਨ ਨਾਲ ਲੈ ਆਵੀਂ।
ਲੈ ਆਵੀਂ ਆਪਣੇ ਪਸੀਨੇ ਦੀ ਖ਼ੁਸ਼ਬੂ
ਨਾਲ ਲੈ ਆਵੀਂ
ਵਿਛੋੜੇ 'ਚ ਕੱਟੇ ਵੇਲੇ ਦਾ ਸਿਰਨਾਵਾਂ
ਲੈ ਆਵੀਂ ਉਹ ਸਾਰੇ ਸੁਪਨੇ
ਜੋ ਇਕ ਇਕ ਕਰਕੇ ਮਰ ਗਏ।

ਧੀਮਾਨ ਫ਼ਿਕਰਮੰਦ ਹੈ ਉਨ੍ਹਾਂ ਮਜ਼ਲੂਮਾਂ ਲਈ 'ਚਾਨਣੀਆਂ ਲਈ ਕਮਜ਼ੋਰਾਂ ਲਈ, ਜਿਨ੍ਹਾਂ ਤੇ ਜ਼ਾਲਿਮ ਦੀ ਤਲਵਾਰ ਚਲਦੀ ਹੈ। ਜਿਨ੍ਹਾਂ ਨੂੰ ਹਨੇਰਾ ਨਿਗਲਦਾ ਹੈ ਅਤੇ ਜਿਨ੍ਹਾਂ ਦੀ ਤਾਕਤ ਦੇ ਦਰਬਾਰ ਵਿਚ ਇਜ਼ਤ ਰੁਲ਼ਦੀ ਹੈ। ਕਵੀ ਬਾਗਾਂ ਦੀਆਂ ਸਤਰੰਗੀਆਂ ਨੂੰ ਸਲਾਹੁੰਦਾ ਹੈ, ਜੇ ਬਰੱਸ਼ ਨੂੰ ਚਲਾਉਣ ਵਾਲ਼ਾ ਹੱਥ ਨਾ ਹੋਵੇ ਅਤੇ ਜੀਭ ਗਿਆਨ, ਸ਼ਬਦ ਹੁੰਦਿਆਂ ਵੀ ਗੁੰਗੀ ਹੈ।

'ਮਹਿੰਦੀ ਦੇ ਪੱਤੇ' ਕਾਵਿ ਸੰਗ੍ਰਹਿ ਦੇ ਅੰਤ ਉਪਰ ਕੁਝ ਸਵਾਲ ਉਠਾਏ ਗਏ ਹਨ, ਇਨ੍ਹਾਂ ਸਵਾਲਾਂ ਵਿਚ ਜਵਾਬ ਵੀ ਹਨ। ਇਕ ਸਵਾਲ ਦੇ ਬਣਦੇ ਦੋ ਉਤਰਾਂ ਦੀ ਪਹਚਾਣ ਵੀ ਹੈ ਅਤੇ ਇਨ੍ਹਾਂ ਸਵਾਲਾਂ ਤੋਂ ਧੀਮਾਨ ਦਾ ਦਾਰਸ਼ਨਿਕ ਰੂਪ ਵੀ ਸਾਹਮਣੇ ਆਉਂਦਾ ਹੈ। ਇਨ੍ਹਾਂ ਪ੍ਰਸ਼ਨਾਂ ਵਿਚ ਕਾਵਿ ਬਿੰਬ ਸਿਰਜਣ ਲਈ ਥਾਂ ਨਹੀਂ ਪਰੰਤੂ ਪਾਠਕ ਨੂੰ ਸੋਚੀਂ ਪਾਉਣ ਦੀ ਸ਼ਕਤੀ ਜ਼ਰੂਰ ਹੈ। ਕੁਝ ਸਵਾਲਾਂ ਬਾਰੇ ਇੱਥੇ ਚਰਚਾ ਕਰ ਸਕਦੇ ਹਾਂ। ਜੇ ਕੋਈ ਗਲਤ ਨੂੰ ਠੀਕ ਠਹਿਰਾਉਂਦਾ ਹੈ ਤਾਂ ਉਹ ਠੀਕ ਨੂੰ ਗਲਤ ਵੀ ਠਹਿਰਾ ਰਿਹਾ ਹੁੰਦਾ ਹੈ। ਖਲਾਅ 'ਚ ਬੰਦਾ ਇਸ ਲਈ ਲਟਕਦਾ ਹੈ ਕਿ ਉਸਦਾ ਧਰਤੀ ਨਾਲ ਰਿਸ਼ਤਾ ਕਮਜ਼ੋਰ ਹੈ। ਜਿਨ੍ਹਾਂ ਕੀੜੀਆਂ ਨੂੰ ਤਿਲ਼ ਚੌਲ਼ੀਆਂ ਪਾਈਆਂ ਜਾਂਦੀਆਂ ਹਨ ਉਹ ਹਾਥੀ ਜਿਹੇ ਵਜੂਦ ਨੂੰ ਤਬਾਹ ਕਰ ਦਿੰਦੀਆਂ ਹਨ। ਮੰਜ਼ਿਲ ਦੀ ਖਿੱਚ ਰਾਹ ਵਿੱਚ ਆਏ ਹੁਸਨ ਦੇ ਆਨੰਦ ਨੂੰ ਮਾਨਣ ਵਿੱਚ ਰੁਕਾਵਟ ਬਣਦੀ ਹੈ। ਮੰਜ਼ਿਲ ਦੀ ਪ੍ਰਾਪਤੀ

ਨਾਲੋਂ ਮੰਜ਼ਿਲ ਦੀ ਕਲਪਣਾ ਵਧੇਰੇ ਸੁਖਦਾਈ ਹੁੰਦੀ ਹੈ। ਜਦੋਂ ਕੋਈ ਆਪਣੇ ਪੂਰੇਪਣ ਦੀ ਇੱਛਾ ਰੱਖਦਾ ਹੈ ਤਾਂ ਉਹ ਦੂਸਰੇ ਦੇ ਅਧੂਰੇਪਣ ਦੀ ਇੱਛਾ ਵੀ ਕਰ ਰਿਹਾ ਹੁੰਦਾ ਹੈ। ਜੋ ਰੱਜ ਕੇ ਜੀਊਂਦੇ ਨਹੀਂ ਉਹ ਮਰਨ ਬਾਰੇ ਸੋਚਦੇ ਹਨ। ਜੋ ਅੰਦਰ ਦੀ ਆਵਾਜ਼ ਨਹੀਂ ਸੁਣਦੇ, ਉਨ੍ਹਾਂ ਨੂੰ ਬਾਹਰਲੇ ਹਥੌੜਿਆਂ ਦੀ ਮਾਰ ਵੀ ਨਹੀਂ ਜਗਾ ਸਕਦੀ। ਮੌਜੂਦਾ ਹਾਲਤ ਦੇ ਚੱਕਰਵਿਊ ਨੂੰ ਤੋੜ ਕੇ ਅਗਾਂਹ ਵਧਣਾ ਹੀ ਮੁਕਤੀ ਹੈ। ਇਕਲਾਪੇ ਦੀ ਗੱਲ ਕਰਨ ਵਾਲੇ ਲੋਕ ਆਪਣੇ ਅੰਦਰ ਦੇ ਇਕਲਾਪੇ ਤੋਂ ਡਰਦੇ ਹਨ। ਇਸ ਤਰ੍ਹਾਂ ਦਾ ਬਹੁਤ ਕੁਝ ਸੋਚਣ ਲਈ ਮਜਬੂਰ ਕਰਦੇ ਹਨ, ਇਹ ਸਵਾਲ। ਸੱਚਮੁੱਚ ਧੀਮਾਨ ਦਾਰਸ਼ਨਿਕ ਹੋ ਗਿਆ ਹੈ, ਪਰ ਉਸ ਦੇ ਦਰਸ਼ਨ ਦੇ ਪੈਰ ਧਰਤੀ 'ਤੇ ਰਹਿੰਦੇ ਹਨ।

ਪੁਸਤਕ ਵਾਚਦਿਆਂ ਕੁਝ ਅਜਿਹੀਆਂ ਪੰਕਤੀਆਂ ਵੀ ਆਉਂਦੀਆਂ ਹਨ ਜਿਨ੍ਹਾਂ ਨੂੰ ਪਾਠਕਾਂ ਸਾਹਮਣੇ ਕੀਤਿਆਂ ਬਗੈਰ ਗੁਜ਼ਾਰਾ ਨਹੀਂ ਹੋ ਸਕਦਾ। ਜਿਵੇਂ:

- ਵੇਖਦੇ ਹੋ ਕੰਧ 'ਤੇ ਲੱਗੀ ਪੇਂਟਿੰਗ<br>ਜਿਸ ਵਿਚ ਚੀਲ੍ਹ, ਇੱਕ ਬੱਚੇ ਦੇ<br>ਹੱਥ ਵਿੱਚ ਫੜੇ ਸੁਪਨੇ<br>ਝਪਟ ਕੇ ਲੈ ਜਾਂਦੀ ਹੈ<br>ਬੱਚਾ ਚੀਲ੍ਹ ਨੂੰ ਨਹੀਂ<br>ਆਸਮਾਨ ਨੂੰ ਘੂਰਦਾ ਹੈ।
- ਆਰਥਿਕ ਸੰਕਟ ਦੇ ਬੰਧਕਾਂ ਨੂੰ<br>ਕੀ ਸੁਨੇਹਾ ਦੇ ਸਕਦੀਆਂ ਹਨ<br>ਨਵੇਂ ਮੌਸਮ ਦੀਆਂ<br>ਬਾਰਿਸ਼ ਦੀ ਪਹਿਲੀ ਫੁਹਾਰ ਦੀਆਂ।
- ਫੁਲਕਾਰੀ ਕੱਢਦੇ ਹੱਥ<br>ਥਿੜਕ ਜਾਂਦੇ<br>ਚੁੱਭ ਜਾਂਦੀ ਸੂਈ<br>ਫੁਲਕਾਰੀ ਦੀ ਚਾਦਰ 'ਤੇ<br>ਕੁਝ ਫੁੱਲ<br>ਲਹੂ ਦੇ ਤੁਪਕੇ।
- ਮੈਨੂੰ ਆਪਣੀ ਜ਼ਿੰਦਗੀ<br>ਵਿਆਹੁਣ ਲਈ<br>ਉਨ੍ਹਾਂ ਦੇ ਅੰਗੂਠਿਆਂ ਦੀ<br>ਕੋਈ ਜ਼ਰੂਰਤ ਨਹੀਂ<br>ਜਿਨ੍ਹਾਂ ਨੇ ਕਦੇ ਨਹੀਂ ਚਾਹਿਆ

ਮੈਂ ਜ਼ਿੰਦਗੀ ਜੀਵਾਂ
ਜੀਵਨ ਅੰਮ੍ਰਿਤ ਪੀਵਾਂ
• ਅਸਤਿਤਵ ਹੀਣ ਵਸਤਾਂ
ਤੇ ਨਿੱਘ ਹੀਣ ਰਿਸ਼ਤੇ
ਤੁਹਾਡੀਆਂ ਜ਼ਰੂਰੀ ਵਸਤਾਂ
ਨਿੱਘ ਵਾਲੇ ਰਿਸ਼ਤਿਆਂ ਦੀ ਥਾਂ
ਮੱਲ ਬਹਿੰਦੇ
ਚਲੋ ਸਫ਼ਾਈ ਕਰੀਏ

ਹੁਣ ਅਖ਼ੀਰ ਮੁੜੀਏ ਮਹਿੰਦੀ ਦੇ ਪੱਤਿਆਂ ਵਲ। ਇਹ ਮਹਿੰਦੀ ਮੁੜ ਉਦੋਂ ਯਾਦ ਆਈ, ਜਦੋਂ ਪਰਵਾਸ ਮੁੱਕਣ ਵਾਲਾ ਹੈ, ਜਦੋਂ ਪੁਲਾਂ ਹੇਠ ਪਤਾ ਨਹੀਂ ਕਿੰਨਾਂ ਪਾਣੀ ਵਹਿ ਗਿਆ ਹੈ ਤੇ ਜਦੋਂ ਬੱਚੇ ਆਪਣੇ ਘਰ-ਬਾਰ ਵਸਾਉਣ ਦੇ ਆਹਰ ਵਿਚ ਲੱਗ ਚੁੱਕੇ ਹਨ। ਇਨ੍ਹਾਂ ਸ਼ਬਦਾਂ ਪਿੱਛੇ ਲੰਮਾ ਦੁਖਾਂਤ ਦਾ ਸਫ਼ਰ ਝਾਤੀਆਂ ਮਾਰਦਾ ਵਿਖਾਈ ਦਿੰਦਾ ਹੈ। ਸਾਡੀ ਕਾਮਨਾ ਹੈ ਕਿ ਇਹ ਦੋਸਤੀ ਦਾ ਸਫ਼ਰ ਨਿਰਵਿਘਨ ਸੁੱਖ-ਸ਼ਾਂਤੀ ਨਾਲ ਬਤੀਤ ਹੋਵੇ।

ਇਹ ਨਵਾਂ ਸਫ਼ਰ
ਜਦ ਸਾਡੇ ਬੱਚੇ ਆਰੰਭ ਚੁੱਕੇ ਹਨ
ਤਾਂ ਖ਼ਿਆਲ ਆਇਆ ਹੈ ਮਹਿੰਦੀ ਦਾ
ਮਹਿੰਦੀ ਲੱਗੇ ਤੇਰੇ ਹੱਥਾਂ ਦਾ
ਜਿਹਨਾਂ ਨੂੰ ਫੜ
ਨਵੇਂ ਸਫ਼ਰ ਦੇ ਆਰੰਭ ਵੇਲੇ ਮੈਂ ਕਿਹਾ ਸੀ
ਮੇਰੀ ਦੋਸਤ ਬਣੇਂਗੀ?

ਕਰਮ ਜੀਤ ਸਿੰਘ (ਡਾ.)
ਪ੍ਰੋਫ਼ੈਸਰ, ਪੰਜਾਬੀ ਵਿਭਾਗ
ਕੁਰੂਕਸ਼ੇਤਰ ਯੂਨੀਵਰਸਿਟੀ,
ਕੁਰੂਕਸ਼ੇਤਰ।

# ਤਤਕਰਾ


| | | |
|---|---|---|
| • | ਅੱਧਵਾਟਾ | 21 |
| • | ਜ਼ਿੰਦਗੀ-1 | 22 |
| • | ਸਲੂਕ | 23 |
| • | ਨਵਾਂ ਸਫ਼ਰ | 24 |
| • | ਵਾਪਿਸੀ ਨਹੀਂ | 25 |
| • | ਕਦੀ ਕਦੀ | 26 |
| • | ਅਧੂਰਾ ਕਾਂਡ | 27 |
| • | ਮੇਲਾ | 28 |
| • | ਜੰਗ ਤੇ ਨਜ਼ਮਾਂ | 29 |
| • | ਜੰਗ ਦੇ ਦਿਨਾਂ ਵਿਚ | 30 |
| • | ਜੰਗ ਸਿਰਫ ਬੋਲਦੀ ਹੈ | 31 |
| • | ਖਿਡੌਣਿਆਂ ਦੇ ਨਾਂ | 32 |
| • | ਉਹ ਹਨੇਰਾ | 33 |
| • | ਰਿਸ਼ਤਾ | 34 |
| • | ਕਵਿਤਾ | 35 |
| • | ਮੁਨਾਦੀ | 36 |
| • | ਭਾਲ | 37 |
| • | ਬੰਧਕ | 38 |
| • | ਜਸ਼ਨ 'ਚ' ਮੈਂ ਵੀ ਸ਼ਾਮਿਲ ਸਾਂ | 39 |
| • | ਖੁਦਕੁਸ਼ੀ | 41 |
| • | ਜੰਗਲ | 42 |
| • | ਸਹਿਜ ਨਹੀਂ ਰਹੇ | 44 |
| • | ਫਾਸਲੇ | 46 |
| • | ਔਖੀ ਘੜੀ | 47 |

- ਬੁੱਤਾਂ ਦੀ ਨਗਰੀ 48
- ਜਿੰਦਗੀ ਦੇ ਨੇੜੇ 50
- ਸੁਨਹਿਰੀ ਸਵੇਰ 52
- ਕਾਂਬਾ 53
- ਉਹ ਕੀ ਜਾਣੇ 54
- ਜ਼ਰੂਰਤ ਨਹੀਂ 55
- ਉਸ ਨੂੰ ਪਾਉਣਾ 56
- ਆਪਣੇ ਵਾਂਗ ਆਵੀਂ 57
- ਫਿਕਰ ਹੁੰਦਾ ਹੈ 59
- ਅਣਜਾਣ ਸਟੇਸ਼ਨ 61
- ਓਵਰ ਟਾਇਮ 62
- ਬੱਚਾ ਤੇ ਅਸੀਂ 63
- ਪਿਆਰ ਦੀ ਇਬਾਰਤ 64
- ਨਿੱਘਹੀਣ ਰਿਸ਼ਤੇ 65
- ਰਸਤੇ ਸਾਫ ਕਰ ਲਈਏ 67
- ਕਮਰਸ਼ੀਅਲ ਬਰੇਕ 69
- ਇਸ਼ਤਿਹਾਰ 71
- ਛਾਲੇ 72
- ਅਲਮੀਆਂ 74
- ਸਮਝ 75
- ਮਹਿੰਦੀ ਦੇ ਪੱਤੇ 76
- ਸੁਪਨਾ 77
- ਕਵਿਤਾ ਦਾ ਆਉਣਾ 78
- ਜਿੰਦਗੀ-2 79

- ਸਹਿਜ ਤੇ ਅਸਹਿਜ 80
- ਪ੍ਰਸ਼ਨ 81
- ਮੇਰੀ ਕਵਿਤਾ 83
- ਚੰਗਾ ਹੋਵੇ 85
- ਕਵਿਤਾ ਨੂੰ ਕਵਿਤਾ ਹੀ ਰਹਿਣ ਦਿਉ 86
- ਅੰਦਰਲੇ ਰੰਗ 87
- ਗਲੋਬ 89
- ਰਾਬਤਾ 91
- ਸੁਪਨੇ ਦਾ ਦੁਖਾਂਤ 93
- ਤੇਰੀ ਉਡੀਕ ਵਿਚ 94
- ਗਾਰਵੇਜ ਬੈਗ 95
- ਅੱਧਵਾਟੇ ਟੁੱਟਾ ਖਾਬ 96
- ਪਰਵਰਤਨ 97
- ਜੀਵਨ ਚਿੱਤਰ 98
- ਬਚਪਨ ਦੀ ਯਾਦ 99
- ਸਵਾਲ 101

## ਅਧਵਾਟਾ

ਅੱਧਜਲੀ ਮੋਮਬੱਤੀ ਆਖਦੀ
ਇਹ ਠੀਕ ਹੈ
ਮੈਂ ਪੂਰੀ ਬਲ ਨਾ ਸਕੀ
ਦੇਰ ਤਕ ਲੋਅ ਕਰ ਨਾ ਸਕੀ

ਮੈਨੂੰ ਪਤਾ ਹੈ
ਕਈ ਸਵਾਲ ਉਠਣਗੇ
ਕੁਝ ਪੁਛਣਗੇ
ਕੁਝ ਪੁਛ ਕੇ ਹਸਣਗੇ

ਪਰ ਜਿੰਨਾ ਮੈਂ ਬਲੀ
ਲੋਅ ਕੀਤੀ
ਉਸ ਲਈ ਵੀ ਤਾਂ
ਕਿਸੇ ਕੋਲ
ਧੰਨਵਾਦ ਸ਼ਬਦ ਨਹੀਂ

ਜੇ ਹੋਰ ਬਲਦੀ
ਆਪਾ ਸਾੜਦੀ
ਲੋਅ ਕਰਦੀ
ਤਾਂ ਵੀ ਇਹੀ ਹੋਣਾ ਸੀ

ਸ਼ਾਇਦ ਇਸੇ ਲਈ
ਮੈਂ ਅਧਵਾਟਾ ਚੁਣਿਆਂ

## ਜ਼ਿੰਦਗੀ

ਸਿਗਨਲ ਹਰਾ ਹੁੰਦਾ ਹੈ
ਤੁਸੀਂ ਤੇਜੀ ਨਾਲ
ਕਾਰ ਲੈ ਕੇ ਅੱਗੇ ਵਧਦੇ ਹੋ
ਅਗੋਂ ਫੁਟਪਾਥ ਤੋਂ
ਇਕ ਚਿੜੀ ਉੜਦੀ ਹੈ
ਤੁਹਾਡੀ ਕਾਰ ਦੇ ਸ਼ੀਸ਼ੇ ਦੇ ਨਾਲ ਨਾਲ
ਟਕਰਾਉਣ ਤੋਂ ਬਚਦੀ ਹੋਈ
ਉਪਰ ਉੜ ਜਾਂਦੀ ਹੈ।
ਤੁਸੀਂ ਸਾਹ ਸੂਤੀ
ਕੁਝ ਪਲ ਗੁਜਾਰਦੇ ਹੋ
ਫੇਰ
ਬਸ ਮੁਸਕਰਾ ਦੇਂਦੇ ਹੋ

## ਸਲੂਕ

ਜੰਗ ਦੇ ਦਿਨਾਂ ਵਿਚ
ਬੰਦਿਆਂ ਦੇ ਨਾਲ ਨਾਲ
ਪੰਛੀ ਵੀ
ਉਜੜ ਜਾਂਦੇ ਹਨ।

ਅਸਲੇ ਦੇ ਧਮਾਕੇ
ਸੜਦੇ ਤੇਲ
ਸੜਦੇ ਘਰ
ਸੜਦੇ ਲੋਕਾਂ ਦੀ ਬਦਬੂ
ਮਜਬੂਰ ਕਰ ਦੇਂਦੀ ਹੈ
ਜਲਾਵਤਨ ਹੋਣ ਤੇ

ਬੰਦੇ ਰਿਫਿਊਜ਼ੀ ਬਣ ਕੇ
ਜਾਣ ਵੇਲੇ
ਜਾਣਦੇ ਹੁੰਦੇ ਹਨ
ਉਹ ਕਿਹੜੇ
ਦੇਸ਼ ਦੀ ਧਰਤ ਤੇ
ਜਾ ਰਹੇ ਹਨ
ਉਥੇ ਉਹਨਾਂ ਨਾਲ
ਕਿਹੋ ਜਿਹਾ ਸਲੂਕ ਹੋਵੇਗਾ।

ਪਰ ਪੰਛੀ ਨਹੀਂ ਜਾਣਦੇ
ਕਿਹੜੇ ਦੇਸ਼ ਜਾਣਗੇ
ਉਥੋਂ ਦੇ ਮੌਸਮ
ਉਹਨਾਂ ਨਾਲ
ਕੀ ਸਲੂਕ ਕਰਨਗੇ

## ਨਵਾਂ ਸਫ਼ਰ

ਨਵੇਂ ਸਫ਼ਰ ਦਾ
ਜਦ ਮੈਂ ਆਰੰਭ ਕਰਾਂਗਾ
ਨਾਲ ਲੈ ਜਾਵਾਂਗਾ
ਆਪਣੀਆਂ
ਕੁਝ ਅਣ ਛਪੀਆਂ ਕਵਿਤਾਵਾਂ।

ਕਾਗਜ਼ ਤੇ ਪੈਨ
ਤਾਂਕਿ ਰਚਨਾ ਦਾ ਕਰਮ ਜਾਰੀ ਰਹੇ

ਅਤੇ ਆਪਣਾ ਇਹ ਦਿਲ
ਜਿਸ ਕਰਕੇ
ਮੈਂ ਕਵਿਤਾ ਜਿਉਂਦਾ ਰਿਹਾ
ਜਿਸ ਕਰ ਕੇ ਮੈਂ ਰੋਜ਼ ਮਰਦਾ ਰਿਹਾ
ਰੋਜ਼ ਜਨਮਦਾ ਰਿਹਾ।

✷

## ਵਾਪਸੀ ਨਹੀਂ

ਮੈਂ ਵਾਪਸ ਨਹੀਂ ਆਵਾਂਗਾ
ਵਾਪਸ ਤਾਂ ਉਹ ਆਉਂਦੇ
ਜੋ ਚਲੇ ਜਾਂਦੇ ਹਨ
ਮੈਂ ਤਾਂ ਇਥੇ ਹੀ ਰਹਾਂਗਾ
ਹੱਸਦਾ ਟੱਪਦਾ ਨੱਚਦਾ ਗਾਉਂਦਾ
ਰੁੱਸਦਾ ਖਿਝਦਾ ਰੋਹ ਵਿਖਾਉਂਦਾ
ਕੁਦਰਤ ਦਾ ਹਿੱਸਾ ਬਣਿਆ
ਤੁਹਾਡੇ ਆਸ ਪਾਸ ਰਹਾਂਗਾ

ਨਾ ਲੈਣਦਾਰ ਨਾ ਦੇਣਦਾਰ
ਪਰ ਤੁਹਾਡੇ
ਹਰ ਦੁੱਖ ਸੁੱਖ 'ਚ ਸ਼ਾਮਲ
ਮੈਂ ਇਥੇ ਰਹਾਂਗਾ
ਤੁਹਾਡੀਆਂ ਸਿਮਰਤੀਆਂ 'ਚ ਜਿਉਂਦਾ

ਇਕ ਵਾਰ ਆ ਕੇ ਕੌਣ ਜਾਂਦਾ ਹੈ
ਸਿਮਰਤੀਆਂ ਵਿਚ
ਹਰ ਪਲ ਜਿਉਂਦਾ ਹੈ

✳

## ਕਦੀ ਕਦੀ

ਕਦੀ ਕਦੀ ਬਚ ਕੇ ਨਿਕਲ ਜਾਣ ਦਾ
ਕੋਈ ਵੀ ਰਾਹ ਨਜ਼ਰ ਨਹੀਂ ਆਉਂਦਾ
ਦੁੱਖ ਦੀ ਇਬਾਰਤ ਲਿਖਣ ਲਈ
ਛੋਟਾ ਲਗਦਾ ਹੈ ਜ਼ਿੰਦਗੀ ਦਾ ਕਾਗਜ਼
ਹੰਝੂਆਂ ਦੀ ਸਿਆਹੀ
ਕਾਫੀ ਨਹੀਂ ਲਗਦੀ
ਇਬਾਰਤ ਨੂੰ ਕੋਈ ਨਾਟਕੀ ਮੋੜ ਦੇਣ ਲਈ
ਥੋੜ੍ਹੇ ਪੈ ਜਾਂਦੇ ਹਨ ਹਉਕੇ
ਸਮਾਂ ਜਿਵੇਂ ਖਲੋ ਜਾਂਦਾ ਹੈ
ਜੀਭ ਬੋਲਣੋ ਇਨਕਾਰੀ
ਕੰਧਾਂ 'ਤੇ ਲੱਗੇ ਇਸ਼ਤਿਹਾਰ
ਖਿੱਲੀ ਉਡਾਉਂਦੇ ਹਨ
ਲੋਕਾਂ ਦਾ ਗੰਵਾਰ ਹਾਸਾ
ਕੰਨੀ ਪੈਂਦਾ ਹੈ।

✵

## ਅਧੂਰਾ ਕਾਂਡ

ਕਦੀ ਇੱਕ ਪਲ ਵਿੱਚ
ਤੁਹਾਡੇ ਲਈ ਸਮਾਂ ਬਦਲ ਜਾਂਦਾ ਏ
ਖੋਹ ਲੈਂਦਾ ਹੈ
ਤੁਹਾਥੋਂ ਤੁਹਾਡੇ ਬੋਲ
ਤੇ ਤੁਸੀਂ ਰੂਬਰੂ ਹੁੰਦੇ ਹੋ
ਇਕ ਚੁੱਪ ਦੇ
ਮਨ ਸੁਣਦਾ ਹੈ ਕਿਸੇ ਸੁਪਨੇ ਦੇ
ਟੁੱਟਣ ਦੀ ਆਵਾਜ਼

ਵੇਖਦੇ ਹੋ ਕੰਧ 'ਤੇ ਲੱਗੀ ਪੇਂਟਿੰਗ
ਜਿਸ ਵਿਚ ਚੀਲ੍ਹ ਇਕ ਬੱਚੇ ਦੇ
ਹੱਥ ਵਿਚ ਫੜੇ ਸੁਪਨੇ
ਝਪਟ ਕੇ ਲੈ ਜਾਂਦੀ ਹੈ
ਬੱਚਾ ਚੀਲ੍ਹ ਨੂੰ ਨਹੀਂ
ਅਸਮਾਨ ਨੂੰ ਘੂਰਦਾ ਹੈ

ਤੁਸੀਂ ਕਦੀ ਟੁੱਟੇ ਸੁਪਨੇ ਦੇ
ਟੁਕੜਿਆਂ ਨੂੰ ਘੂਰਦੇ ਹੋ
ਕਦੀ ਅਸਮਾਨ ਨੂੰ
ਤੇ ਪੜ੍ਹਨ ਲਗਦੇ ਹੋ
ਲਿਖੇ ਜਾ ਰਹੇ ਇਤਿਹਾਸ ਦੇ
ਕਿਸੇ ਅਧੂਰੇ ਕਾਂਡ ਨੂੰ।

✷

## ਮੇਲਾ

ਨਾ ਤੂੰ ਇਥੇ ਨਾ ਮੈਂ ਇੱਥੇ
ਕਿੰਞ ਮਿਲਾਂਗੇ ਇਕ ਦੂਜੇ ਨੂੰ
ਕਿੰਞ ਜਾਣਾਂਗੇ ਇਕ ਦੂਜੇ ਨੂੰ

ਇੱਥੇ ਤਾਂ ਹੈ ਮੇਲਾ ਲੱਗਿਆ
ਆਪਣੇ ਪ੍ਰਦਰਸ਼ਨ ਅੰਦਰ
ਹਰ ਕੋਈ ਖੁੱਭਿਆ

ਪ੍ਰਦਰਸ਼ਨ
ਸ਼ਕਤੀ ਦਾ
ਹੁਸਨ–ਅਕਲ ਦਾ
ਉਹੀ ਨਾਇਕ ਜਿਸ ਕੋਲ ਸ਼ਕਤੀ

ਮੇਲੇ ਦਾ ਹਾਸਲ
ਧੱਕਾ ਮੁੱਕੀ ਮਿੱਟੀ ਘੱਟਾ
ਕਿੰਞ ਮਿਲਾਂਗੇ ਇਕ ਦੂਜੇ ਨੂੰ
ਕਿੰਞ ਜਾਣਾਂਗੇ ਇਕ ਦੂਜੇ ਨੂੰ

## ਜੰਗ ਤੇ ਨਜ਼ਮਾਂ

ਜੰਗ ਬਾਰੇ
ਲਿਖੀਆਂ ਗਈਆਂ
ਬਹੁਤੀਆਂ ਨਜ਼ਮਾਂ
ਦਫ਼ਨ ਹੋ ਜਾਂਦੀਆਂ ਹਨ
ਜੰਗ ਵਿਚ
ਮਰਨ ਵਾਲਿਆਂ ਦੇ ਨਾਲ
ਜਾਂ
ਉਹ ਫੇਰ ਲਭਦੀਆਂ ਹਨ
ਲਹੂ 'ਚ' ਲਥਪਥ
ਮਲਬੇ ਵਿਚੋਂ
ਜ਼ਿੰਦਗੀ ਲੱਭਣ ਵਾਲਿਆਂ ਨੂੰ

## ਜੰਗ ਦੇ ਦਿਨਾਂ ਵਿਚ

ਜੰਗ ਬੰਦਿਆਂ ਤੇ ਹੀ ਨਹੀਂ
ਪਰਿੰਦਿਆਂ ਤੇ ਵੀ
ਅਸਰ ਕਰਦੀ ਹੈ
ਉਹ ਜੰਗ ਦੇ ਦਿਨਾਂ ਵਿਚ
ਸਵੇਰ ਹੁੰਦੀ ਸਾਰ
ਚਹਿਚਹਾਉਂਦੇ
ਉਡਾਰੀਆਂ ਨਹੀਂ ਭਰਦੇ
ਰਾਤ ਨੂੰ ਚਲੇ
ਅਸਲੇ ਦੀ ਆਵਾਜ਼ ਤੋਂ ਡਰੇ
ਆਪਣੇ ਟਿਕਾਣਿਆ ਤੋਂ
ਬਾਹਰ ਝਾਕਦੇ
ਕੁਝ ਜਾਨਣ ਦਾ
ਯਤਨ ਕਰਦੇ
ਫੇਰ ਹੌਲੀ ਹੌਲੀ
ਬਾਹਰ ਨਿਕਲਦੇ
ਪਰ ਫੇਰ ਜ਼ੋਰ ਨਾਲ
ਹੋਣ ਵਾਲੀ
ਕਿਸੇ ਆਵਾਜ਼ ਨਾਲ
ਤ੍ਰਭਕ ਜਾਂਦੇ
ਆਪਣੇ ਟਿਕਾਣਿਆਂ 'ਚ
ਜਾ ਵੜਦੇ

✵

## ਜੰਗ ਸਿਰਫ ਬੋਲਦੀ ਹੈ

ਜੰਗ ਸਿਰਫ ਬੋਲਦੀ ਹੈ
ਨਾ ਸੁਣਦੀ ਹੈ
ਨਾ ਤਕਦੀ ਹੈ
ਨਾ ਹੀ ਮਹਿਸੂਸ ਕਰਦੀ ਹੈ

ਜੰਗ ਸਿਰਫ ਬੋਲਦੀ ਹੈ
ਗੋਲੀ ਦੀ ਆਵਾਜ਼ ਵਿਚ
ਬੰਬ ਧਮਾਕੇ ਦੀ ਆਵਾਜ਼ ਵਿਚ
ਖ਼ਤਰੇ ਦੇ
ਸਾਇਰਨ ਦੀ ਆਵਾਜ਼ ਵਿਚ

ਜੰਗ ਸਿਰਫ ਬੋਲਦੀ ਹੈ
ਕਿਸੇ ਦੀ
ਆਖਰੀ ਚੀਖ ਦੀ ਆਵਾਜ਼ ਵਿਚ
ਜ਼ਖਮ 'ਚੋਂ ਟਪਕੇ
ਲਹੂ ਦੀ ਆਵਾਜ਼ ਵਿਚ
ਰਹਿ ਗਿਆਂ ਦੇ
ਹਉਕਿਆਂ ਦੀ ਆਵਾਜ਼ ਵਿਚ

ਜੰਗ ਸਿਰਫ ਬੋਲਦੀ ਹੈ
ਨੌਜਵਾਨ ਦੇ ਟੁਰ ਜਾਣ ਤੇ
ਮਾਂ ਦੇ ਕੀਰਨਿਆਂ
ਪਤਨੀ ਦੀਆਂ ਚੀਖਾਂ
ਬੱਚਿਆਂ ਦੇ ਵਿਰਲਾਪ ਰਾਹੀਂ
ਜੰਗ ਸਿਰਫ ਬੋਲਦੀ ਹੈ।

## ਖਿਡੌਣਿਆਂ ਦੇ ਨਾਂ

ਜੰਗ ਦੇ ਦਿਨਾਂ ਵਿਚ
ਬੱਚੇ ਭੁਲ ਜਾਂਦੇ ਹਨ
ਆਪਣੇ ਖਿਡੌਣਿਆਂ ਦੇ ਨਾਂ
ਬਹੁਤ ਕੁਝ
ਨਵਾਂ ਸਿੱਖ ਜਾਂਦੇ ਹਨ
ਬੜੇ ਨਵੇਂ ਨਾਂ

ਮਸ਼ੀਨਗੰਨ, ਬੰਬ
ਤੋਪਾਂ, ਟੈਂਕ
ਜੰਗੀ ਜਹਾਜ਼
ਰਸਾਇਣਕ ਹਥਿਆਰ
ਕੂਕਦੀਆਂ ਹੋਈਆਂ
ਐਂਬੂਲੈਂਸਾਂ
ਦੌੜਦੇ ਹੋਏ
ਡਾਕਟਰ ਤੇ ਨਰਸਾਂ
ਮਰਦੀ ਹੋਈ ਜ਼ਿੰਦਗੀ

ਬੱਚੇ ਜਦੋਂ
ਆਪਣੇ ਦੋਸਤਾਂ ਨਾਲ ਹੁੰਦੇ
ਇਕ ਦੂਜੇ ਨੂੰ ਪੁਛਣ ਲਗਦੇ
"ਕੀ ਤੂੰ ਜਾਣਦੈਂ
ਰਿਫ਼ਿਊਜੀ
ਕਿਦਾਂ ਬਣ ਜਾਈਦਾ ਹੈ
ਤੇ, ਰਿਫ਼ਿਊਜੀ ਬਣ ਕੇ
ਅਸੀਂ ਕਿਹੋ ਜਿਹੇ ਲਗਾਂਗੇ ?"

## ਉਹ ਹਨ੍ਹੇਰਾ

ਉਹ ਹਨ੍ਹੇਰਾ ਬੜਾ ਅਜੀਬ ਸੀ
ਉਸ ਦੇ ਨਕਸ਼ ਸਨ
ਉਸ ਦੇ ਅੰਗ ਸਨ
ਉਸ ਦੀ ਮੁਸਕਾਨ ਸੀ
ਠਹਾਕੇਦਾਰ ਹਾਸਾ ਸੀ

ਆਪਣੇ ਦੁੱਖਾਂ ਦਾ ਰੋਣਾ ਸੀ
ਦੂਜਿਆਂ ਦੇ ਸੁੱਖਾਂ ਦਾ ਗੁੱਸਾ ਸੀ

ਉਹ ਹਨ੍ਹੇਰਾ ਬੜਾ ਅਜੀਬ ਸੀ
ਜਿਸ ਨੇ
ਮੇਰਾ ਚਾਨਣ ਖੋਹ ਲਿਆ ਸੀ।

## ਰਿਸ਼ਤਾ

ਸਰਦੀਆਂ ਦਾ ਬੜਾ ਸੁੱਖ ਹੈ
ਕਪੜੇ ਛੇਤੀ ਮੈਲੇ ਨਹੀਂ ਹੁੰਦੇ
ਗਰਮੀਆਂ ਦਾ ਬੜਾ ਸੁੱਖ ਹੈ
ਕਪੜੇ ਛੇਤੀ ਸੁੱਕ ਜਾਂਦੇ ਹਨ
ਸੁੱਖ ਤੇ ਦੁੱਖ ਦਾ
ਕਿੰਨਾ ਗਹਿਰਾ ਰਿਸ਼ਤਾ ਹੈ

## ਕਵਿਤਾ

ਸੋਚਦਾ ਹਾਂ
ਕਵਿਤਾ ਜੇ ਕਵਿਤਾ ਨਾ ਹੋਵੇ
ਤਾਂ
ਕੀ ਹੋਵੇ
ਬੱਚੇ ਦੀ
ਪਹਿਲੀ ਚੀਖ਼
ਮਹਿਬੂਬ ਦੀ
ਪਹਿਲੀ ਝਿੜਕ
ਮਜ਼ਲੂਮ ਦੀ
ਬੇਬਸੀ ਵਿੱਚ ਨਿਕਲੀ
ਪਹਿਲੀ ਆਹ
ਜਾਂ ਫਿਰ
ਕਿਸੇ ਮਜ਼ਲੂਮ ਦੀ
ਜ਼ੁਲਮ ਦੇ ਖਿਲਾਫ
ਪਹਿਲੀ ਲਲਕਾਰ
ਕਵਿਤਾ ਜੇ ਕਵਿਤਾ ਨਾ ਹੋਵੇ
ਤਾਂ ਕੀ ਹੋਵੇ

## ਮੁਨਾਦੀ

ਮੈਂ ਅੱਜ ਕਲ੍ਹ
ਨੀਂਦ ਤੋਂ ਬਹੁਤ ਡਰਦਾ ਹਾਂ
ਕਿਉਂਕਿ
ਨੀਂਦ ਦੇ ਹਵਾਲੇ ਹੁੰਦਿਆਂ
ਸੁਪਨਿਆਂ ਦੀ ਦੁਨੀਆ ਵਿਚ
ਪਹੁੰਚ ਜਾਈਦਾ ਹੈ

ਸੁਪਨੇ ਬਹੁਤ ਕੁਝ
ਸਾਨੂੰ ਦੇ ਦੇਂਦੇ ਹਨ
ਬਹੁਤ ਕੁਝ
ਸਾਥੋਂ ਖੋਹ ਲੈਂਦੇ ਹਨ

ਨੀਂਦ ਉਖੜਣ ਵੇਲੇ
ਸੁਪਨੇ ਦੇ ਟੁੱਟ ਜਾਣ ਨਾਲ
ਕਿੰਨਾ ਕੁਝ
ਗਵਾਚ ਜਾਂਦਾ ਏ
ਜਿਸ ਬਾਰੇ
ਮਨ ਦੀ ਹਰ ਨੁੱਕਰ ਤਕ
ਮੁਨਾਦੀ ਕਰਵਾਉਣ ਤੇ ਵੀ
ਗਵਾਚ ਗਏ
ਕਿੰਨੇ ਕੁਝ ਦਾ
ਕੁਝ ਪਤਾ ਨਹੀਂ ਲਗਦਾ

*

## ਭਾਲ

ਮੈਂ ਸਦਾ ਹੀ
ਅਜਿਹੇ ਘਰ ਦੀ
ਭਾਲ ਵਿਚ ਰਿਹਾ ਹਾਂ
ਜਿਸ ਦੇ ਅੰਦਰ
ਮੇਰੇ ਹੁੰਦਿਆਂ
ਮੇਰੇ ਹੰਢਾਏ ਸੰਤਾਪ
ਅੰਦਰ ਨਾ ਆ ਸਕਣ
ਨਾ ਹੀ ਆ ਸਕਣ ਉਹ ਸੁਪਨੇ
ਜਿਹਨਾਂ ਦੇ
ਪੂਰੇ ਨਾ ਹੋਣ ਤੇ
ਉਮਰ ਭਰ ਦੀ
ਨੀਂਦ ਗੁਆਚ ਜਾਂਦੀ ਹੈ

ਮੈਂ ਤਾਂ ਇੱਕ ਹੀ
ਸੁਪਨਾ ਲਿਆ ਸੀ
ਪਰ ਉਸ ਦਾ
ਅਧਵਾਟੇ ਟੁੱਟਣਾ
ਮੈਨੂੰ ਇਹ ਵੀ ਭੁਲਾ ਗਿਆ
ਕਿ ਨੀਂਦ ਨਾਂ ਦੀ
ਕੋਈ ਚੀਜ਼ ਹੁੰਦੀ ਹੈ
ਸੁਪਨੇ ਬਾਰੇ ਸੋਚਣ ਤੇ ਵੀ
ਡਰ ਲਗਣ ਲਗਦਾ ਹੈ
ਮੈਂ ਅਜਿਹੇ
ਘਰ ਦੀ ਭਾਲ 'ਚ' ਹਾਂ
ਕੀ ਬੰਦੇ ਨੂੰ ਅਜਿਹਾ
ਘਰ ਨਸੀਬ ਹੁੰਦਾ ਹੈ

## ਬੰਧਕ

ਖ਼ੁੜ੍ਹ ਸੰਕਟ ਦੇ ਬੰਧਕਾਂ ਨੂੰ
ਕੀ ਸੁਨੇਹਾ ਦੇ ਸਕਦੀਆਂ ਹਨ
ਸ਼ੁਭ-ਇਛਾਵਾਂ
ਨਵੇਂ ਮੌਸਮ ਦੀਆਂ
ਬਾਰਿਸ਼ ਬਾਰਿਸ਼ ਦੀ ਪਹਿਲੀ ਫੁਹਾਰ ਦੀਆਂ

ਬੰਧਕ ਤਾਂ ਹਰ ਪਲ ਸੋਚਦੇ ਹਨ
ਉਸ ਬੰਧਨ ਤੋਂ ਮੁਕਤ ਹੋ ਜਾਣ ਵਾਰੇ

ਆਲੇ ਦੁਆਲੇ ਦੀਆਂ ਅਪੀਲਾਂ
ਪਲ ਦੋ ਪਲ
ਆਸਰਾ ਤਾਂ ਬਣਦੀਆਂ ਹਨ
ਪਰ ਬੰਧਕ ਹੋ ਜਾਣ ਦੇ
ਅਹਿਸਾਸ ਕਾਰਨ
ਹਰ ਪਲ
ਉਹ ਲੜਦੇ ਹਨ
ਆਪਣੇ ਆਪ ਨਾਲ

ਜਿਹੜੇ ਆਪੇ ਨੂੰ ਬਚਾਉਣ ਲਈ
ਆਪਣੇ ਆਪ ਨਾਲ ਲੜਦੇ ਹਨ
ਉਹਨਾਂ ਲਈ
ਕਿਹੜਾ ਨਵਾਂ ਮੌਸਮ
ਕਿਹੜੇ ਮੌਸਮ ਦੇ ਨਵੇਂ ਰੰਗ
ਮੌਸਮ ਦੀ ਪਹਿਲੀ ਬਾਰਿਸ਼
ਉਸ ਦੀ ਪਹਿਲ ਫੁਹਾਰ ਦੀ ਕੀ ਮਹੱਤਤਾ
ਸਭ ਕੁਝ
ਇਕੋ ਜਿਹਾ ਲਗਦਾ ਹੈ
ਬੰਧਕਾਂ ਲਈ

## ਜਸ਼ਨ 'ਚ ਮੈਂ ਵੀ ਸ਼ਾਮਿਲ ਸਾਂ

ਮੈਂ ਵੀ ਜਸ਼ਨ 'ਚ ਸ਼ਾਮਿਲ ਸਾਂ
ਜਸ਼ਨ ਜੋ ਪਿੰਡ ਦੇ ਮੁਖੀ ਰਚਾਇਆ ਸੀ
ਪਿੰਡ ਦੇ ਸਲਾਮਤੀ ਦਿਵਸ ਦੇ ਤੌਰ ਤੇ
ਕਿੰਨੇ ਹੀ ਲੋਕਾਂ ਨੂੰ
ਸੱਦਿਆ ਨਾਲ ਬੁਲਾਇਆ ਸੀ
ਮੈਨੂੰ ਵੀ ਜ਼ਬਾਨੀ ਸੱਦਾ ਮਿਲਿਆ ਸੀ
'ਤੂੰ ਵੀ ਆ ਜਾਵੀਂ'
ਸੋ ਮੈਂ ਵੀ ਆ ਗਿਆ ਸਾਂ
ਜਸ਼ਨ ਵਿਚ ਖਾਣੇ ਸਨ ਪੀਣੇ ਸਨ
ਮਹਿਕਾਂ ਸਨ, ਹਾਸੇ ਸਨ
ਕਦੀ ਕਦੀ ਫੁਲਝੜੀਆਂ ਵਰਗੇ
ਠਹਾਕੇ ਸਨ
ਗਾਇਕਾਂ ਵਲੋਂ ਗਾਏ ਗੀਤ ਸਨ
ਮਸਖਰਿਆਂ ਵਲੋਂ
ਪਟਾਕਿਆਂ ਵਲੋਂ
ਪਟਾਕਿਆਂ ਦੀਆਂ ਆਵਾਜ਼ਾਂ ਨਾਲ
ਸੁਣਾਏ ਲਤੀਫੇ ਸਨ

ਜਸ਼ਨ ਨੂੰ ਮਾਣਦਾ ਹੋਇਆ
ਮੇਰਾ ਆਪਾ ਗੈਰ ਹਾਜ਼ਿਰ ਸੀ
ਮੇਰਾ ਆਪਾ ਤਾਂ
ਪੰਡਾਲ ਦੀ ਇਕ ਨੁਕਰੇ ਰਖੇ
ਸੰਦਾਂ ਦੇ ਝੋਲੇ ਵਿਚ
ਅਟਕਿਆ ਹੋਇਆ ਸੀ

ਮੈਂ ਪਿੰਡ ਦਾ ਸੇਪੀ
ਫ਼ਿਕਰ ਸੀ
ਕੋਈ ਕੰਮ ਹੀ ਨਾ ਪੈ ਜਾਵੇ
ਫੇਰ ਚੌਧਰੀ ਦੇ ਬੋਲ
"ਜਰੂਰ ਆਵੀਂ
ਕੋਈ ਕੰਮ ਵੀ ਪੈ ਸਕਦਾ ਏ"
ਮੇਰੀ ਸੋਚ ਵਿਚ ਸਨ
ਘਰੋਂ ਟੁਰਨ ਵੇਲੇ
ਸੰਦਾਂ ਦਾ ਝੋਲਾ
ਨਾਲ ਲੈ ਆਇਆ ਸਾਂ
ਉਂਝ
ਜਸ਼ਨ 'ਚ ਮੈਂ ਵੀ ਸ਼ਾਮਿਲ ਸਾਂ

✳

## ਖੁਦਕੁਸ਼ੀ

ਉਹ ਦਿਨ ਸੀ
ਲੋਅ ਤੋਂ ਸੱਖਣਾ
ਸਮਾਂ ਸੀ
ਜੀਵਨ ਵਿਹੂਣਾ

ਵਿਸ਼ਵਾਸ
ਅੱਖਾਂ ਫਾੜ ਫਾੜ
ਤਕ ਰਿਹਾ ਸੀ

ਵਾਅਦੇ
ਮੂੰਹ ਵਿਚ ਦੇਈ ਉਂਗਲ
ਖਾਮੋਸ਼ ਖੜੇ ਸਨ

ਸੁਪਨੇ ਹੜ੍ਹ 'ਚ
ਰੜ ਗਏ ਸਨ

ਰੂਪ ਬਟਾ ਕੇ
ਨੱਚੇ ਕਾਲਖ

ਹਾਸਿਆਂ ਨੂੰ
ਅਧਰੰਗ ਹੋਇਆ ਸੀ

ਬੁੱਤ ਆਪਣੇ ਰੂਪ
ਬਦਲ ਰਹੇ ਸਨ

ਇਕ ਰਿਸ਼ਤਾ
ਖੁਦਕੁਸ਼ੀ ਕਰ ਗਿਆ ਸੀ

## ਜੰਗਲ

ਮੈਂ ਉਸ ਦਾ ਹੱਥ ਫੜਿਆ ਸੀ
ਉਸ ਦੀਆਂ ਅੱਖਾਂ 'ਚ ਤਕਿਆ ਸੀ
ਤੇ ਖਾਮੋਸ਼ ਰਿਹਾ ਸਾਂ

ਉਹ ਮੇਰੇ ਬਿਨਾ ਕਹੇ
ਸਭ ਕੁਝ ਜਾਣ ਗਈ ਸੀ
ਉਹ ਗਈ ਤੇ ਮੁੜ ਨਹੀਂ ਆਈ

ਅਜ ਉਸ ਦਾ ਖ਼ਤ ਮਿਲਿਆ ਹੈ

ਦੋਸਤ!

ਤੇਰੀ ਉਦਾਸੀ ਦੇ ਜੰਗਲ ਨੂੰ ਪਾਰ ਕਰ
ਤੇਰੇ ਤਕ ਨਾ ਪੁਜ ਸਕੀ
ਮੇਰੇ ਕੋਲ ਤਾਂ
ਆਪਣੇ ਬੜੇ ਜੰਗਲ ਹਨ
ਉਹਨਾਂ ਜੰਗਲਾਂ ਵਿਚ ਭਟਕਦੀ
ਮੈਂ ਇਕਲੀ ਹਾਂ
ਤੇਰੇ ਜੰਗਲ ਨਾਲ
ਮੇਰੇ ਜੰਗਲਾਂ 'ਚ ਵਾਧਾ ਹੋ ਜਾਵੇਗਾ
ਮੈਂ ਸਫ਼ਰ ਤੇ ਹਾਂ

ਕਿਸੇ ਅਜਿਹੇ
ਵਿਅਕਤੀ ਦੀ ਭਾਲ ਵਿਚ
ਜਿਸ ਨੂੰ ਮਿਲਣ ਲਈ
ਜੰਗਲ ਨਾ ਲੰਘਣਾ ਪਵੇ

ਇਸੇ ਲਈ
ਮੈਂ ਚੁਪ-ਚਾਪ ਪਰਤ ਆਈ ਸਾਂ
ਤੂੰ ਵੀ
ਜੰਗਲ ਤੋਂ
ਮੁਕਤ ਹੋਣ ਦੀ
ਕੋਸ਼ਿਸ਼ ਕਰੀਂ

## ਸਹਿਜ ਨਹੀਂ ਰਹੇ

ਕਦੀ ਅਸੀਂ ਮੀਂਹ ਨੂੰ ਉਡੀਕਦੇ ਸਾਂ
ਅੱਜ ਮੀਂਹ
ਸਾਨੂੰ ਉਡੀਕਦਾ ਹੈ

ਕੀ ਅਸੀਂ ਸਹਿਜ ਹਾਂ
ਘਰੋਂ ਬਾਹਰ ਨਿਕਲ
ਜ਼ੋਰ ਜ਼ੋਰ ਦੀ ਗਾ ਸਕਦੇ ਹਾਂ ?
"ਕਾਲੀਆਂ ਇੱਟਾਂ
ਕਾਲੇ ਰੋੜ
ਰੱਬਾ ਮੀਂਹ ਵਰ੍ਹਾਦੇ
ਜ਼ੋਰੋ ਜ਼ੋਰ"

ਨਹੀਂ
ਹੁਣ ਅਸੀਂ ਏਨੇ ਸਹਿਜ ਨਹੀਂ ਰਹੇ
ਅਸੀਂ ਆਪਣੇ ਆਪ ਨਾਲ
ਸੰਵਾਦ ਕਰਦੇ ਵੀ
ਸਹਿਜ ਨਹੀਂ ਰਹਿੰਦੇ
ਜਟਿਲਤਾ
ਸਾਡੇ ਕੋਲੋਂ ਬਹੁਤ ਕੁਝ
ਖੋਹੀ ਜਾ ਰਹੀ ਹੈ

ਅੱਖਾਂ 'ਚ ਉਗਮਦਾ ਪਿਆਰ
ਚਿਹਰੇ ਦੀ ਮੁਸਕਾਨ
ਪੂਰੇ ਤਾਣ ਨਾਲ ਕੀਤੀ
ਕਿਸੇ ਆਪਣੇ ਦੀ ਉਡੀਕ

ਨਹੀਂ
ਅਸੀਂ ਸਹਿਜ ਨਹੀਂ ਰਹੇ
ਇਸੇ ਲਈ ਸ਼ਾਇਦ
ਮੀਂਹ ਵਰ੍ਹਦਾ ਵਰ੍ਹਦਾ
ਰੁਕ ਜਾਂਦਾ ਹੈ
ਸ਼ਾਇਦ ਸਾਡੀ ਸਹਿਜਤਾ ਨੂੰ
ਉਡੀਕਦਾ

## ਫ਼ਾਸਲੇ

ਫ਼ਾਸਲੇ
ਸਦਾ ਹੀ
ਔਖਿਆਂ ਤੈਅ ਹੁੰਦੇ ਹਨ
ਉਹ ਚਾਹੇ
ਧਰਤੀ ਦੇ ਹੋਣ
ਜਾਂ
ਮਨ ਦੇ

ਫ਼ਾਸਲੇ ਤੈਅ ਕਰਦਿਆਂ
ਸਾਡਾ ਬਹੁਤ ਕੁਝ
ਗੁਆਚ ਜਾਂਦਾ ਹੈ
ਰਾਹ ਵਿਚ

ਉਹ ਚਾਹੇ
ਧਰਤੀ ਤੇ ਗੁਆਚੇ
ਜਾਂ ਮਨ ਤੇ

ਫ਼ਾਸਲਾ ਤੈਅ ਹੋਣ ਤੇ
ਮੰਜ਼ਿਲ ਮਿਲ ਜਾਣ ਤੇ
ਰਾਹ ਵਿਚ
ਗੁਆਚੇ ਸਭ ਕੁਝ ਦਾ
ਸਦਾ ਖਿਆਲ ਆਉਂਦਾ ਹੈ
ਤੇ
ਮਨ ਪੀੜ ਨਾਲ
ਭਰ ਜਾਂਦਾ ਹੈ

## ਔਖੀ ਘੜੀ

ਫੁਲਕਾਰੀਆਂ ਕਢਦੇ ਹੱਥ
ਅਚਨਚੇਤ ਕਿੰਝ ਰੁਕ ਜਾਂਦੇ ਹਨ
ਧਾਗਿਆਂ ਦਾ ਰੰਗ
ਕਿਵੇਂ ਪੈ ਜਾਂਦਾ ਫਿੱਕਾ
ਕਪੜਾ ਤਾਣਹੀਣ ਹੋ ਜਾਂਦਾ

ਫੁਲਕਾਰੀ ਕਢਦੇ ਹੱਥ
ਥਿੜਕ ਜਾਂਦੇ
ਚੁਭ ਜਾਂਦੀ ਸੂਈ
ਫੁਲਕਾਰੀ ਦੀ ਚਾਦਰ ਤੇ
ਕੁੱਝ ਫੁਲ
ਲਹੂ ਦੇ ਤੁਪਕੇ

## ਬੁੱਤਾਂ ਦੀ ਨਗਰੀ

ਬੁੱਤਾਂ ਦੀ ਨਗਰੀ ’ਚ ਰਹਿ ਕੇ
ਕੋਈ ਕਿੰਞ ਜੀਵੇ
ਆਪਣੇ ਮਨ ਵਰਗਾ
ਆਪਣੇ ਦਿਲ ਵਰਗਾ
ਆਪਣੀ ਸੋਚ ਜਿਹਾ
ਤੇ, ਕਿੰਞ ਸਫਰ ਹੋਵੇ
ਆਪਣੇ ਮੇਚ ਜਿਹਾ

ਨਗਰੀ ਅੰਦਰ ਸਭ ਕੁਝ ਹੈ
ਖਾਣਾ ਪੀਣਾ ਤੇ ਭੋਗਣਾ
ਹਸਣਾ ਗਾਉਣਾ ਤੇ ਫਿਰ ਰੋਣਾ
ਸਭ ਕੁਝ ਹੈ

ਪਰ ਹਰ ਬੁੱਤ ਦੀ
ਆਪਣੀ ਦੁਨੀਆ ਹੈ
ਕਿਸੇ ਦੂਜੇ ਬੁੱਤ ਨਾਲ
ਉਸ ਦੀ ਸਾਂਝ ਨਾ ਕੋਈ

ਨਾ ਕਿਸੇ ਦੂਜੇ ਦਾ
ਦੁਖ ਆਪਣਾ ਹੈ
ਨਾ ਕਿਸੇ ਦੂਜੇ ਦਾ
ਸੁਖ ਆਪਣਾ ਹੈ

ਹਰ ਕੋਈ
ਆਪਣੇ ਦੁੱਖ 'ਚ ਰੋਂਦਾ
ਹਰ ਕੋਈ
ਆਪਦੇ ਸੁਖ 'ਚ ਹੱਸਦਾ
ਹਰ ਕੋਈ
ਆਪਣੇ ਆਪ 'ਚ ਜਿਉਂਦਾ
ਆਪਣੇ ਆਪ 'ਚ ਮਰਦਾ
ਹਰ ਕੋਈ
ਆਪਣੀ ਅੱਗ ਨੂੰ ਸੇਕੇ
ਆਪਣੀ ਠੰਡ 'ਚ ਠਰਦਾ

ਬੰਦੇ ਹਨ ਬੁੱਤ ਬਣੇ ਹੋਏ
ਨਗਰੀ ਹੈ ਬੁੱਤਾਂ ਦੀ
ਸਭ ਜਿਉਂਦੇ ਹਨ
ਸਭ ਮਰਦੇ ਹਨ
ਪਰ ਸਭ ਕੁਝ
ਆਪਣਾ ਆਪਣਾ ਹੈ

## ਜ਼ਿੰਦਗੀ ਦੇ ਨੇੜੇ

ਜਦੋਂ ਅਸੀਂ ਫੁੱਲਾਂ ਵਾਂਗ ਖਿੜਦੇ
ਤੇ ਮੁਸਕਰਾਉਂਦੇ
ਬੱਚਿਆਂ ਨੂੰ ਵੇਖ ਕੇ
ਪਿਆਰ ਨਾਲ ਭਰ ਜਾਂਦੇ ਹਾਂ
ਉਦੋਂ ਅਸੀਂ
ਜ਼ਿੰਦਗੀ ਦੇ ਬਹੁਤ ਨੇੜੇ ਹੁੰਦੇ ਹਾਂ
ਜ਼ਿੰਦਗੀ ਜਿਉਂਦੇ ਹੋਏ

ਮੁਸਕਾਨ ਸਹਿਤ
ਜੀਵਨ ਸ਼ੁਰੂ ਕਰਕੇ
ਆਖਰੀ ਸਾਹ
ਮੁਸਕਰਾਹਟ ਨਾਲ ਲੈਣ ਦਾ ਨਾਂ ਹੈ
ਜ਼ਿੰਦਗੀ

ਉਂਝ ਮੌਤ ਤਾਂ
ਬਹੁਤ ਸ਼ਕਲਾਂ 'ਚ ਮਿਲਦੀ ਹੈ
ਜ਼ਿੰਦਗੀ ਦੇ ਮਿਲੇ ਸਾਹਾਂ ਨੂੰ
ਬੁਝੇ ਬੁਝੇ ਪੂਰੇ ਕਰਨਾ
ਕਿਸੇ ਵਲੋਂ ਕੀਤੀ ਵਧੀਕੀ ਅਗੇ
ਸਮਝੌਤਾ ਕਰਨਾ

ਸਮਝੌਤੇ ਨੂੰ
ਕੋਈ ਨਵਾਂ ਨਾਂ ਦੇ ਦੇਣਾ
ਮੌਤ ਦੀਆਂ
ਬੜੀਆਂ ਸ਼ਕਲਾਂ ਹਨ
ਪਰ ਜ਼ਿੰਦਗੀ ਦੀ
ਬਸ ਇਕ ਸ਼ਕਲ ਹੈ
ਫੁਲਾਂ ਵਾਂਗ ਖਿੜਨਾ
ਮੁਸਕਰਾਉਂਦਾ
ਆਖਰੀ ਸਾਹ ਵੀ
ਮੁਸਕਰਾਉਂਦੇ ਲੈਣਾ

✵

## ਸੁਨਹਿਰੀ ਸਵੇਰ

ਮੈਂ ਤ੍ਰਿਕਾਲਾਂ ਨੂੰ
ਸਦਾ ਜੀਅ ਆਇਆਂ ਕਿਹਾ ਹੈ
ਉਹ ਲੈ ਕੇ ਆਵੇ ਮੇਰੇ ਲਈ
ਸੁਨਹਿਰੀ ਸਵੇਰ ਦੇ ਸੁਪਨੇ
ਜੋ ਰਾਤ ਵਿਚ ਪਲਦੇ
ਵੱਡੇ ਹੁੰਦੇ

ਸਵੇਰੇ ਮੈਨੂੰ
ਮਹਿਕੇ ਹੋਵੇ
ਹਵਾ ਨਾਲ
ਖੇਡਦੇ ਮਿਲਦੇ

ਮੈਂ ਇਸੇ ਲਈ
ਸਦਾ
ਤ੍ਰਿਕਾਲਾਂ ਨੂੰ
ਜੀਅ ਆਇਆਂ ਕਿਹਾ ਹੈ

## ਕਾਂਬਾ

ਰਾਤ ਆਪਣਾ
ਸਫਰ ਤੈਅ ਕਰ ਰਹੀ ਸੀ
ਹਨੇਰਾ
ਪਲ ਪਲ ਵਧ ਰਿਹਾ ਸੀ
ਕਈ ਡਰ
ਹਨੇਰੇ ਦੀ ਮਦਦ ਨਾਲ
ਆਪਣਾ ਰਾਜ
ਕਾਇਮ ਕਰ ਰਹੇ ਸਨ

ਬਸ ਦੂਰ ਜਗਦਾ ਦੀਵਾ
ਉਹਨਾਂ ਦੀ ਤਾਕਤ ਨੂੰ
ਕਦੀ ਕਦੀ
ਕਾਂਬਾ ਛੇੜ ਦੇਂਦਾ

## ਉਹ ਕੀ ਜਾਣੇ

ਪਿਆਸੀ ਧਰਤੀ ਪਈ ਉਡੀਕੇ
ਕਦੀ ਤਾਂ ਬੱਦਲ ਆਵੇ
ਆ ਕੇ
ਆਪਣਾ ਤਨ ਨਚੋੜੇ
ਮਨ ਨਚੋੜੇ
ਉਸ ਦੀ ਪਿਆਸ ਬੁਝਾਵੇ

ਬੱਦਲ ਤਾਂ ਅਰਸ਼ੀਂ ਘੁੰਮੇ
ਆਪਣੀ ਮਸਤੀ ਵਿਚ
ਗੁਆਚਾ ਹੋਇਆ
ਪਾਣੀ ਨਾਲ ਨੱਕੋ-ਨੱਕ ਭਰਿਆ

ਉਹ ਕੀ ਜਾਣੇ
ਪੀੜ ਪਿਆਸ ਦੀ
ਉਹ ਕੀ ਜਾਣੇ
ਉਡੀਕ ਕੀ ਹੁੰਦੀ

*

## ਜਰੂਰਤ ਨਹੀਂ

ਮੈਨੂੰ ਆਪਣੀ ਜਿੰਦਗੀ
ਵਿਆਹੁਣ ਲਈ
ਉਹਨਾਂ ਦੇ ਅੰਗੂਠਿਆਂ ਦੀ
ਕੋਈ ਜਰੂਰਤ ਨਹੀਂ
ਜਿਹਨਾਂ ਨੇ ਕਦੀ ਨਹੀਂ ਚਾਹਿਆ
ਮੈਂ ਜਿੰਦਗੀ ਜੀਵਾਂ
ਜੀਵਨ ਅੰਮ੍ਰਿਤ ਪੀਵਾਂ

ਮੈਂ ਕਦੀ ਹੱਸਾਂ
ਮੇਰੀ ਜਿੰਦਗੀ ਹੱਸੇ
ਉਹ ਉਦੋਂ ਰੋਵੇ
ਜਦੋਂ ਮੈਂ ਕਦੇ ਰੋਵਾਂ

ਮੇਰੀ ਜਿੰਦਗੀ
ਹਰ ਰੰਗ ਵਿਚ
ਸਦਾ ਉਥੇ ਹੀ ਹੋਵੇ
ਜਿਥੇ ਮੈ ਹੋਵਾਂ

ਉਹਨਾਂ ਅਜਿਹਾ ਨਹੀਂ ਚਾਹਿਆ

## ਉਸ ਨੂੰ ਪਾਉਣਾ

ਮੈਂ ਉਸ ਨੂੰ ਪਾਉਣ ਦੀ
ਐਵੇਂ ਗੱਲ ਕਰਦਾ ਰਿਹਾ
ਉਂਝ ਮੈਂ ਉਸ ਨੂੰ ਪਾਉਣਾ
ਕਦ ਚਾਹਿਆ ਸੀ

ਉਸ ਨੂੰ ਪਾਉਣਾ
ਸਮੁੰਦਰ ਤਕਣਾ
ਹੌਲੀ ਹੌਲੀ
ਸਮੁੰਦਰ 'ਚ ਸਮਾਉਣਾ
ਅੰਤਲੀ ਤਹਿ ਤੇ ਪੁਜ
ਉਸ ਦਾ ਹੁਸਨ ਮਾਨਣਾ

ਉਸ ਨੂੰ ਪਾਉਣਾ
ਆਕਾਸ਼ ਤਕਣਾ
ਹੌਲੀ ਹੌਲੀ
ਭਰ ਉਡਾਰੀ
ਆਕਾਸ਼ 'ਚ ਜਾ ਸਮਾਉਣਾ
ਉਸ ਨੂੰ ਪਾਉਣਾ
ਆਪੇ ਨੂੰ ਤਕਣਾ, ਜਾਨਣਾ
ਹੌਲੀ ਹੌਲੀ ਆਪੇ ਦੇ ਅੰਦਰ
ਸਮਾ ਜਾਣਾ
ਆਪ ਹੋ ਜਾਣਾ
ਉਸ ਨੂੰ ਪਾਉਣ ਦੀ
ਐਵੇਂ ਗੱਲ ਕਰਦਾ ਰਿਹਾ
ਮੈਂ ਉਸ ਨੂੰ ਪਾਉਣਾ
ਚਾਹਿਆ ਹੀ ਕੱਦ ਸੀ

## ਆਪਣੇ ਵਾਂਗ ਆਵੀਂ

ਕਦੀ ਮੈਂ ਕਹਿੰਦਾ ਸਾਂ
ਤੂੰ ਨ੍ਹੇਰੀ ਵਾਂਗ ਆਵੀਂ
ਭਰ ਆਪਣੇ ਕਲਾਵੇ 'ਚ
ਖਲਾਅ 'ਚ ਲੈ ਜਾਵੀਂ

ਕਦੀ ਕਹਿੰਦਾ ਸਾਂ
ਸਮੁੰਦਰੀ ਤੁਫਾਨ ਵਾਂਗ ਆਵੀਂ
ਆਪਣੇ ਘੇਰੇ 'ਚ ਲੈ ਕੇ
ਮੇਰੀ ਸੁਧ ਬੁਧ ਭੁਲਾਵੀਂ
ਜ਼ਿੰਦਗੀ ਦੇ
ਆਖਰੀ ਛਿਨ ਤਕ ਲੈ ਜਾਵੀਂ
ਨਵੀਂ ਜ਼ਿੰਦਗੀ ਦੇਵੀਂ

ਕਦੀ ਕਹਿੰਦਾ ਸਾਂ
ਤੂੰ ਕਵਿਤਾ ਵਾਂਗ ਆਵੀਂ
ਮੇਰੇ ਰੋਮ ਰੋਮ 'ਚ ਵਸ ਜਾਵੀਂ
ਸ਼ਬਦਾਂ ਦਾ ਜਾਦੂ ਚਲਾਵੀਂ

ਹੁਣ ਮੈਂ ਕਹਿੰਦਾ ਹਾਂ
ਤੂੰ ਆਪਣੇ ਵਾਂਗ ਆਵੀਂ
ਆਪਣੀ ਮੁਸਕਾਨ ਨਾਲ ਲੈ ਆਵੀਂ
ਲੈ ਆਵੀਂ ਆਪਣੇ ਪਸੀਨੇ ਦੀ ਖ਼ੁਸ਼ਬੂ

ਨਾਲ ਲੈ ਆਵੀਂ
ਵਿਛੋੜੇ 'ਚ ਕਟੇ ਵੇਲੇ ਦਾ ਸਿਰਨਾਵਾਂ
ਲੈ ਆਵੀਂ ਉਹ ਸਾਰੇ ਸੁਪਨੇ
ਜੋ ਇਕ ਇਕ ਕਰ ਕੇ ਮਰ ਗਏ
ਲੈ ਆਵੀਂ ਉਹ ਸਾਰੇ ਹੰਝੂ

ਜੋ ਇਕਲਤਾ ਵਿਚ
ਤੇਰੀਆਂ ਅੱਖਾਂ ਵਿਚੋਂ
ਮੋਤੀਆਂ ਵਾਂਗ ਕਿਰਦੇ ਰਹੇ

ਆਵੀਂ ਤੇ ਮੇਰੇ ਗੱਲ ਲਗ ਜਾਵੀਂ
ਤੂੰ ਜਦੋਂ ਵੀ ਆਵੀਂ
ਆਪਣੇ ਵਾਂਗ ਆਵੀਂ

## ਫਿਕਰ ਹੁੰਦਾ ਹੈ

ਤੁਸੀਂ ਕਹਿੰਦੇ ਹੋ
ਮੈਂ ਫਿਕਰ ਨਾ ਕਰਾਂ
ਖੁਸ਼ ਰਹਾਂ
ਜਿੰਦਗੀ ਮਾਣਾਂ

ਮੈਂ ਤੁਹਾਡੀ ਗੱਲ ਮੰਨਦਾ ਹਾ
ਫਿਕਰ ਨਹੀਂ ਕਰਦਾ

ਪਰ ਫਿਕਰ ਹੁੰਦਾ ਹੈ
ਜਦੋਂ ਕੋਈ ਮਜ਼ਲੂਮ
ਕਿਸੇ ਜਾਲਿਮ ਦਾ ਸ਼ਿਕਾਰ ਬਣਦਾ ਹੈ

ਫਿਕਰ ਹੁੰਦਾ ਹੈ
ਜਦੋਂ ਹਨੇਰਾ ਚਾਨਣੀ ਨੂੰ
ਬੁਰਕੀਆਂ 'ਚ ਵੰਡ ਕੇ
ਖਾ ਜਾਂਦਾ ਹੈ

ਫਿਕਰ ਹੁੰਦਾ ਹੈ
ਜਦੋਂ ਕਿਸੇ ਕਮਜ਼ੋਰ ਦੀ ਇੱਜ਼ਤ
ਤਾਕਤ ਦੇ ਦਰਬਾਰ ਵਿਚ
ਰੁਲਦੀ ਹੈ

ਫਿਕਰ ਹੁੰਦਾ ਹੈ
ਜਦੋਂ ਇਹ ਸਭ ਕੁਝ
ਸਹਿਜ ਦਿਸਦਾ ਹੋਇਆ
ਸਹਿਜ ਨਹੀਂ ਹੁੰਦਾ
ਸਮਾਂ ਕਰਵਟ ਲੈਂਦਾ ਹੈ
ਇਤਿਹਾਸ ਬਦਲਦਾ ਹੈ
ਧਰਤੀ ਦੇ ਟੁਕੜਿਆਂ ਨੂੰ
ਨਵੇਂ ਨਾਂ ਮਿਲਦੇ ਹਨ

ਇਹ ਸਭ ਕੁਝ ਹੁੰਦਾ ਹੈ
ਪਰ ਉਦੋਂ ਹੀ ਹੁੰਦਾ ਹੈ
ਜਦੋਂ
ਕਿਸੇ ਮਜ਼ਲੂਮ ਤੇ
ਕੋਈ ਜਾਲਿਮ ਜੁਲਮ ਕਰਦਾ ਹੈ
ਉਸ ਦੀ ਪਹਿਚਾਨ
ਖੋਹਣ ਦੀ ਕੋਸ਼ਿਸ਼ ਕਰਦਾ ਹੈ

ਇਹ ਮੁੱਦਤ ਤੋਂ
ਹੁੰਦਾ ਆਇਆ ਹੈ
ਇਸ ਨੇ ਬਹੁਤ ਕੁਝ
ਬਦਲਿਆ ਹੈ
ਮੈਂ ਇਸੇ ਲਈ ਸ਼ਾਇਦ
ਫਿਕਰਮੰਦ ਹਾਂ

✵

## ਅਣਜਾਣ ਸਟੇਸ਼ਨ

ਸਫਰ ਜਿੰਦਗੀ ਦਾ
ਬੜਾ ਅਜੀਬ
ਕਦੀ ਕਾਹਲੀ ਕਰਦੇ ਹਾਂ
ਤਦ ਖੁੰਝ ਜਾਂਦੇ ਹਾਂ
ਕਦੀ ਕਾਹਲੀ ਨਹੀਂ ਕਰਦੇ
ਤਾਂ ਰਹਿ ਜਾਂਦੇ ਹਾਂ
ਜੀਵਨ ਰੇਲ ਦੀ
ਕਦੀ ਸਮਝ ਨਹੀਂ ਆਈ

ਕਈ ਵਾਰੀ ਦੌੜੇ ਆਈਏ
ਗੱਡੀ ਚੜ੍ਹ ਜਾਈਏ
ਥਾਂ ਮਿਲੀ ਤੇ ਬਹਿ ਜਾਈਏ
ਤਾਂ ਸੁਖ ਦਾ ਸਾਹ ਆਵੇ

ਪਰ ਕੁਝ ਸਮੇਂ ਪਿਛੋਂ
ਪਤਾ ਲਗੇ
ਗਲਤ ਗੱਡੀ ਚੜ੍ਹ ਆਏ ਹਾਂ
ਫੇਰ ਹਫੜਾ-ਤਫੜੀ
ਰੌਲ ਰੱਪਾ
ਗਲਤੀ ਕਿਸੇ ਦੂਜੇ ਦੇ ਨਾਂ

ਰੇਲ ਰੁਕਦੀ ਹੈ
ਕਿਸੇ ਅਣਜਾਣ ਸਟੇਸ਼ਨ ਤੇ
ਉਤਰਦੇ ਹਾਂ
ਸਭ ਤੋਂ ਪਹਿਲਾ ਸਵਾਲ
ਰਹਿਣ ਲਈ ਕੋਈ ਥਾਂ ਹੈ ਇਥੇ ?

## ਉਵਰ ਟਾਈਮ

ਪ੍ਰੋਡਕਸ਼ਨ ਇੰਜਨੀਅਰ ਨੂੰ
ਹਦਾਇਤ ਮਿਲਦੀ ਹੈ
ਉਵਰ ਟਾਈਮ ਦੇ ਪੈਸੇ
ਆਮ ਮਜ਼ਦੂਰੀ ਤੋਂ
ਵਧ ਜਾਂਦੇ ਹਨ
ਇਹਨਾਂ ਨੂੰ ਘਟ ਕਰੋ
ਨਹੀਂ ਤਾਂ
ਤੁਹਾਡੀ ਛੁਟੀ ਵੀ ਹੋ ਸਕਦੀ ਹੈ

ਇੰਜਨੀਅਰ ਸ਼ਾਪ 'ਚ ਆ ਕੇ
ਐਲਾਨ ਕਰਦਾ ਹੈ
"ਕੰਪਨੀ ਸੋਚਦੀ ਹੈ
ਰੋਜ਼ ਰੋਜ਼ ਦਾ ਬਹੁਤਾ ਕੰਮ ਕਰਨਾ
ਕਾਮੇ ਦੀ ਸਿਹਤ ਲਈ ਹਾਨੀਕਾਰਕ
ਕਾਮੇ ਦੀ ਸਿਹਤ
ਕੰਪਨੀ ਲਈ ਅਹਿਮ
ਇਸ ਲਈ
ਅਜ ਤੋਂ ਉਵਰ ਟਾਈਮ
ਘਟ ਕੀਤਾ ਜਾਵੇਗਾ
ਵੇਖੋ
ਕੰਪਨੀ ਦੇ ਅਫਸਰ
ਕਿੰਨੇ ਚੰਗੇ ਹਨ

✲

## ਬੱਚਾ ਤੇ ਅਸੀਂ

ਅਸੀਂ ਸਰਲ ਜੀਵਨ ਜਿਉਂਦੇ
ਬੱਚੇ ਨੂੰ ਵੇਖ ਕੇ
ਅਕਸਰ ਘਬਰਾ ਜਾਂਦੇ ਹਾਂ

ਸੱਭਿਆ ਬਨਾਉਣ ਦੇ ਨਾਂ ਤੇ
ਸਿਖਾਉਂਦੇ ਹਾਂ
ਦਾਅ ਲਾਉਣਾ
ਚਾਲਾਂ ਚਲਣਾ
ਝੂਠ ਬੋਲਣਾ
ਡੰਗ ਮਾਰਨਾ
ਤੇ
ਮੁਸਕਰਾਉਂਦੇ ਰਹਿਣਾ

## ਪਿਆਰ ਦੀ ਇਬਾਰਤ

ਨਫਰਤ ਦੀਆਂ ਬੜੀਆਂ ਕੰਧਾਂ
ਬੜੇ ਬਖਰੇਵੇਂ
ਬੜਾ ਬਹੁਤ ਕੁਝ

ਪਰ ਪਿਆਰ ਲਈ
ਕੋਈ ਕੰਧ ਨਹੀਂ
ਨਾ ਕੋਈ ਅਸਮਾਨੀ ਹੱਦ

ਪਿਆਰ ਵਿਚ ਵਿਆਕੁਲ
ਦੋ ਪੰਛੀ ਉਡਦੇ ਹਨ
ਪਹੁੰਚਦੇ ਹਨ ਅਸਮਾਨ 'ਚ
ਇਕ ਦੂਜੇ ਨੂੰ ਮਿਲਦੇ ਹਨ
ਪਿਆਰ ਦਾ ਵਾਰਤਾਲਾਪ ਹੁੰਦਾ ਹੈ
ਸਿਰਜੀ ਜਾਂਦੀ ਹੈ
ਪਿਆਰ ਦੀ ਇਬਾਰਤ

ਪਿਆਰ ਲਈ ਬੜਾ ਕੁਝ
ਅਸਮਾਨ ਹੈ
ਧਰਤੀ ਹੈ
ਸਾਗਰ ਹੈ
ਪਰ ਨਫਰਤ ਹਨ
ਬਸ ਕੰਧਾਂ ਲਈ
ਤੇ ਉਹਨਾਂ ਦੇ ਰਿਸ਼ਤੇਦਾਰ
ਅਲਗ ਅਲਗ ਨਾਵਾਂ ਦੇ ਨਾਲ

## ਨਿੱਘ-ਹੀਣ ਰਿਸ਼ਤੇ

ਅਜ ਛੁੱਟੀ ਹੈ
ਚਲੋ ਸਫਾਈ ਕਰੀਏ
ਕਮਰੇ 'ਚ ਪਈ
ਅਲਮਾਰੀ ਦੇ ਦਰਾਜਾਂ ਦੀ

ਆਪਣੇ ਮਨ ਦੀ
ਮਨ ਦੇ ਖਾਨਿਆਂ ਦੀ
ਸਫਾਈ ਕਰੀਏ

ਜੋ ਕੁਝ ਸਾਂਭਣਯੋਗ ਹੋਵੇ
ਭਵਿਖ 'ਚ ਜਿਸ ਦੀ ਲੋੜ ਹੋਵੇ
ਉਸ ਨੂੰ ਸਾਫ ਕਰਕੇ
ਸਾਂਭ ਲਈਏ

ਜੋ ਰਿਸ਼ਤੇ
ਸਮੇਂ ਦੇ ਨਾਲ
ਆਪਣਾ ਅਸਤਿਤਵ ਗੁਆ ਚੁਕੀਆਂ

ਜੋ ਰਿਸ਼ਤੇ
ਸਮੇਂ ਦੇ ਨਾਲ
ਆਪਣਾ ਨਿੱਘ ਗੁਆ ਚੁਕੇ

ਉਹਨਾਂ ਵਸਤਾਂ ਨੂੰ
ਉਹਨਾਂ ਰਿਸ਼ਤਿਆਂ ਨੂੰ
ਅਲਵਿਦਾ ਕਹੀਏ

ਅਸਤਿਤਵਹੀਣ ਵਸਤਾਂ
ਤੇ ਨਿਘਹੀਣ ਰਿਸ਼ਤੇ
ਤੁਹਾਡੀਆਂ ਜਰੂਰੀ ਵਸਤਾਂ
ਨਿੱਘ ਵਾਲੇ ਰਿਸ਼ਤਿਆਂ ਦੀ ਥਾਂ
ਮਲ ਬਹਿੰਦੇ
ਚਲੋ ਸਫਾਈ ਕਰੀਏ

## ਰਸਤੇ ਸਾਫ ਕਰ ਲਈਏ

ਅੱਜ ਕੱਲ੍ਹ ਕੰਮ ਤੋਂ ਵਿਹਲ ਹੈ
ਚਲੋ ਇਸ ਦਾ ਲਾਭ ਉਠਾਈਏ
ਰਸਤੇ ਸਾਫ ਕਰ ਲਈਏ
ਆਪਣੇ ਤੋਂ ਆਪਣੇ ਤਕ
ਆਪਣੇ ਤੋਂ ਪਿਆਰਿਆਂ ਤਕ
ਜਿੰਨੇ ਵੀ ਰਸਤੇ ਹਨ
ਸਾਫ ਕਰ ਲਈਏ
ਨਫਰਤਾਂ ਨੂੰ ਹੂੰਝ ਦੇਈਏ
ਸ਼ਿਕਵਿਆਂ ਨੂੰ ਪੂੰਝ ਦੇਈਏ
ਅੱਖਾਂ 'ਚ ਆਏ ਅੱਥਰੂ
ਪਲਕਾਂ 'ਚ ਸਾਂਭ ਲਈਏ

ਰਸਤੇ ਸਾਫ ਕਰ ਲਈਏ
ਰਸਤੇ ਹਨ ਤੇ ਸਫਰ ਹੈ
ਸਫਰ ਹੈ ਤੇ ਮਿਲਣਾ ਹੈ
ਵਿਛੜਨਾ ਹੈ ਤੇ ਫੇਰ ਮਿਲਣਾ
ਮਿਲਣਾ ਵਿਛੜਨਾ ਹੈ
ਤਾਂ ਜਿੰਦਗੀ

ਬਹਾਰ ਹੈ ਪਤਝੜ ਹੈ
ਉਦਾਸੀ ਹੈ ਸੋਗ ਹੈ
ਫੇਰ ਬਾਰਿਸ਼ ਹੁੰਦੀ ਹੈ
ਬਹਾਰ ਆਉਂਦੀ ਹੈ
ਉਦਾਸੀ ਦੂਰ ਹੁੰਦੀ ਹੈ

ਖੁਸ਼ੀ ਵਿਹੜੇ 'ਨਚਦੀ ਹੈ
ਗਾਉਂਦੀ ਹੈ
ਪਰ ਸਭ ਕੁਝ ਤਾਂ ਹੁੰਦਾ ਹੈ
ਜੇ ਰਸਤੇ ਸਾਫ ਹੋਣ
ਅਜ ਕਲ੍ਹ ਕੰਮ ਤੋਂ ਵਿਹਲ ਹੈ
ਰਸਤੇ ਸਾਫ ਕਰ ਲਈਏ

## ਕਮਰਸ਼ੀਅਲ ਬਰੇਕ

ਛੋਟੀ ਜਿਹੀ ਬਰੇਕ ਪਿਛੋਂ
ਫੇਰ ਮਿਲਾਂਗੇ
ਆਖ ਕੇ
ਕੁਝ ਪਲਾਂ ਲਈ
ਵਿਦਾ ਹੋ ਰਿਹਾ ਹਾਂ

ਇਹ ਛੋਟੀ ਜਿਹੀ ਬਰੇਕ
ਯਾਨੀ ਵਿਉਪਾਰਕ ਬਰੇਕ
ਸਾਡੇ ਜੀਵਨ ਸੀਰੀਅਲ ਵਿਚ
ਅਕਸਰ ਆ ਧਮਕਦੀ ਹੈ

ਇਸ ਛੋਟੀ ਜਿਹੀ ਬਰੇਕ ਵਿਚ
ਸਾਬੁਨ, ਕੇਸ ਤੇਲ ਤੋਂ ਲੈ ਕੇ
ਵੋਟ ਪਾਉਣ ਤਕ
ਨਵੀਂ ਸਰਕਾਰ ਬਨਾਉਣ ਤਕ
ਕਿਸੇ ਬਾਰੇ ਵੀ
ਕੋਈ ਇਸ਼ਤਿਹਾਰ
ਤੁਹਾਡੇ ਤਕ ਪਹੁੰਚਣ ਦਾ ਯਤਨ ਕਰੇਗਾ

ਇਸ ਬਰੇਕ ਵਿਚ
ਤੁਸੀਂ ਡਬਯੂ ਸੀ ਜਾ ਸਕਦੇ ਹੋ
ਜਾਂ ਪਤਨੀ ਤੁਹਾਡੇ ਲਈ
ਚਾਹ ਬਣਾ ਕੇ ਲਿਆ ਸਕਦੀ ਹੈ

ਮੈਂ ਇਸ ਬਰੇਕ ਦੇ ਸਮੇਂ ਅੰਦਰ
ਆਪਣੇ ਆਪ ਨੂੰ ਲਭਦਾ
ਕੁਝ ਪਲ ਭਟਕ ਸਕਦਾ ਹਾਂ
ਗਾਹ ਸਕਦਾ ਹਾਂ
ਆਪਣੇ ਦੇਸ਼ ਜਾਂ ਵਿਸ਼ਵ ਦੀ ਐਟਲਸ
ਕਿੰਨੇ ਦੁਖਾਂ ਦੇ ਰੂਬਰੂ ਹੋ ਸਕਦਾ ਹਾਂ
ਵੇਖ ਸਕਦਾ ਹਾਂ
ਝੀਲ ਵਰਗੀਆਂ ਅੱਖਾਂ ਵਾਲਾ
ਕਿਤੇ ਗੁਆਚਾ ਚਿਹਰਾ
ਕਿਸੇ ਡਰ ਦਾ ਡੰਗਿਆ
ਕਿਸੇ ਬੁਰੀ ਖਬਰ ਦੀ ਉਡੀਕ ਵਿਚ

ਮੈਂ ਸਭ ਕੁਝ ਵੇਖਦਾ
ਆਪਣੇ ਆਪ 'ਚੋਂ ਗੁਆਚਦਾ
ਆਪਣੇ ਆਪ ਨਾਲ ਜੂਝਦਾ
ਲਿਖ ਸਕਦਾ ਹਾਂ
ਇਕ ਕਵਿਤਾ
ਇਸ ਛੋਟੀ ਜਿਹੀ ਬਰੇਕ ਵਿਚ

## ਇਸ਼ਤਿਹਾਰ

ਜਦੋਂ ਕੁਝ ਬੇਗੈਰਤ ਚਿਹਰੇ
ਬਣ ਜਾਂਦੇ ਹਨ ਇਸ਼ਤਿਹਾਰ
ਉਹਨਾਂ ਦੇ ਪਿਠੂਆਂ ਵਲੋਂ
ਚਿਪਕਾ ਦਿਤੇ ਜਾਂਦੇ ਹਨ
ਸ਼ਹਿਰ ਦੀਆਂ ਕੰਧਾਂ ਤੇ
ਉਹਨਾਂ ਨੂੰ ਵੇਖਦਿਆਂ
ਸਧਾਰਨ ਵਿਅਕਤੀ ਨੂੰ
ਉਹਨਾਂ ਚਿਹਰਿਆਂ ਤੇ ਨਹੀਂ
ਆਪਣੀ ਬੇਬਸੀ ਤੇ ਗੁੱਸਾ ਆਉਂਦਾ ਹੈ

ਹਾਲਾਤ ਦੀ ਤਪਸ਼ ਨਾਲ
ਭੁਰ ਚੁਕੇ
ਆਪਣੇ ਨਹੁੰ ਵੇਖਦਾ ਹੈ
ਨਹੀਂ ਤਾਂ
ਉਸ ਨੇ ਨਹੁੰਆਂ ਨਾਲ
ਇਹ ਇਸ਼ਤਿਹਾਰ ਪਾੜ ਕੇ
ਕਦੋਂ ਦੇ ਸੁਟ ਦਿੱਤੇ ਹੁੰਦੇ

## ਛਾਲੇ

ਛਾਲਿਆਂ ਦਾ ਕੀ ਹੈ
ਉਹ ਕਦੀ ਵੀ
ਪੈ ਸਕਦੇ ਹਨ

ਛਾਲੇ ਕਈ ਤਰ੍ਹਾਂ ਦੇ
ਪੈਰਾਂ ਤੇ ਪਏ
ਹੱਥਾਂ ਤੇ ਪਏ
ਮਨ ਤੇ ਪਏ

ਜਿਸਮ ਤੇ ਪਏ ਛਾਲੇ
ਜਦ ਫੁਟਦੇ ਹਨ
ਬਹੁਤ ਪੀੜ ਹੁੰਦੀ ਹੈ

ਮਨ ਤੇ ਪਏ ਛਾਲੇ
ਜਦ ਫੁਟਦੇ ਹਨ
ਪੀੜ ਦੇ ਨਾਲ ਨਾਲ
ਉਹਨਾਂ ਦਾ ਨਿਕਲਿਆ ਪਾਣੀ
ਫੈਲ ਜਾਂਦਾ ਹੈ
ਫੈਸਲਿਆਂ ਦੀ ਧਰਤੀ ਤਕ

ਛਾਲੇ ਲੈ ਜਾਂਦੇ ਹਨ
ਹਨੇਰੀ ਰਾਤ ਵਿਚ
ਦਿੱਬ ਜਲਾਉਣ ਤਕ
ਛਾਲੇ ਲੈ ਜਾਂਦੇ ਹਨ
ਕਿਸੇ ਨੂੰ
ਇਨਕਲਾਬ ਲਿਆਉਣ ਤਕ

ਕਵੀ ਨੂੰ ਕਵਿਤਾ ਲਿਖਣ ਤਕ

ਛਾਲੇ ਬਹੁਤ ਕੁਝ ਕਰਦੇ ਹਨ
ਬਹੁਤ ਕੁਝ ਤੋੜਦੇ ਹਨ
ਬਹੁਤ ਕੁਝ ਸਿਰਜਦੇ ਹਨ

## ਅਲਮੀਆਂ

ਬਾਗ ਵਿਚ
ਫੁਲ ਸਨ
ਮਹਿਕ ਸੀ
ਤਿਤਲੀਆਂ ਨਹੀਂ ਸਨ

ਰੰਗ ਸਨ
ਕੈਨਵਸ ਸੀ
ਬੁਰਸ਼ ਸਨ
ਹੱਥ ਨਹੀਂ ਸਨ

ਜੀਭ ਸੀ
ਗਿਆਨ ਸੀ
ਸ਼ਬਦ ਸਨ
ਜੁਅਰਤ ਨਹੀਂ ਸੀ

✵

## ਸਮਝ

ਮੈਂ ਆਪਣੇ ਆਪ ਨੂੰ ਚਾਹ ਰਿਹਾਂ
ਤਾਂ ਤੈਨੂੰ
ਮੈਨੂੰ ਇਸ ਗੱਲ ਦੀ ਸਮਝ ਨਾ ਲਗੀ
ਮੇਰਾ ਇਕ ਹੱਥ
ਤੇਰੇ ਵਾਲਾਂ ਦੀ ਲਿਟ ਸੰਵਾਰਦਾ
ਦੂਜਾ ਹੱਥ ਤਾਜੀ ਆਈ ਅਖਬਾਰ ਦੇ
ਪੰਨੇ ਪਲਟ ਰਿਹਾ ਹੁੰਦਾ
ਉਸ ਵਿਚ ਛਪੀ
ਕਿਸੇ ਨਵੀਂ ਆਫਤ ਦੀ ਖਬਰ
ਤੇਰੀ ਲਿਟ ਸੰਵਾਰਦੇ ਹੱਥ ਨੂੰ ਰੋਕ ਦੇਂਦੀ

ਅਖਵਾਰ ਵਿਚ ਛਪੀ ਆਫਤ ਦੀ ਖਬਰ
ਮੇਰਾ ਸਕੂਨ ਖੋਹ ਲੈਂਦੀ
ਮੈਂ ਤੈਨੂੰ ਜੀਵਨ ਸਾਥਣ ਬਨਾਉਣ
ਆਪਣੇ ਬਚਿਆਂ ਨਾਲ
ਖੇਲਣ ਵਾਲੇ ਸੁਪਨੇ
ਤਿੜਕਦਿਆਂ ਵੇਖਦਾ
ਕਿਧਰੇ ਗੁਆਚ ਜਾਂਦਾ
ਉਸ ਵੇਲੇ ਸਮਝ ਨਾ ਲਗਦੀ
ਮੈਂ ਸਿਰਫ ਤੈਨੂੰ ਪਿਆਰ ਕਰਦਾ ਹਾਂ
ਜਾਂ ਆਪਣੇ ਆਪ ਨੂੰ

## ਮਹਿੰਦੀ ਦੇ ਪੱਤੇ

ਮੈਂ ਇਕ ਪੌਦੇ ਕੋਲ ਖੜ੍ਹਾ ਹਾਂ
ਪੌਦੇ ਦੇ ਪੱਤੇ
ਮਹਿੰਦੀ ਦੇ ਪਤਿਆਂ ਵਰਗੇ ਲਗਦੇ
ਮਹਿੰਦੀ ਤੋਂ ਖਿਆਲ ਆਉਂਦਾ ਹੈ
ਤੇਰੇ ਹੱਥਾਂ ਤੇ ਲਗੀ ਮਹਿੰਦੀ ਦਾ
ਸਾਡੇ ਨਵੇਂ ਸਫਰ ਦੇ ਅਰੰਭ ਦਾ
ਕਿੰਨੇ ਵਰ੍ਹੇ
ਰੇਲ ਦੇ ਸਫਰ ਵਾਂਗ ਗੁਜਰ ਗਏ

ਹਾਂ ਕਿਤੇ ਰੇਲ ਬਦਲਣ ਲਈ
ਕਿਸੇ ਸਟੇਸ਼ਨ ਤੇ ਰੁਕਣ ਵੇਲੇ
ਇਕ ਦੂਜੇ ਨੂੰ ਨਿਹਾਰਦੇ
ਪਿਆਰ ਵਾਰਤਾਲਾਪ ਕਰਦੇ
ਫੇਰ ਉਹੀ ਸਫਰ

ਹੁਣ ਇਹ ਨਵਾਂ ਸਫਰ
ਜਦ ਸਾਡੇ ਬੱਚੇ ਆਰੰਭ ਚੁਕੇ ਹਨ
ਤਾਂ ਖਿਆਲ ਆਇਆ ਹੈ ਮਹਿੰਦੀ ਦਾ
ਮਹਿੰਦੀ ਲੱਗੇ ਤੇਰੇ ਹੱਥਾਂ ਦਾ
ਜਿਹਨਾਂ ਨੂੰ ਫੜ ਕੇ
ਨਵੇਂ ਸਫਰ ਦੇ ਆਰੰਭ ਵੇਲੇ ਮੈਂ ਕਿਹਾ ਸੀ
ਮੇਰੀ ਦੋਸਤ ਬਣੇਂਗੀ ?

✵

## ਸੁਪਨਾ

ਮੇਰੇ ਸੁਪਨਿਆਂ ਦੇ ਘਰ ਨੂੰ
ਉਸਨੇ ਸੰਨ੍ਹ ਲਾਈ
ਮੇਰੇ ਸਾਰੇ ਸੁਪਨੇ
ਚੁਰਾ ਕੇ ਲੈ ਗਿਆ

ਪਰ ਜਾਂਦੇ ਜਾਂਦੇ
ਮੇਰਾ ਇਕ ਸੁਪਨਾ
ਚੋਰੀ ਕੀਤੇ
ਸੁਪਨਿਆਂ ਦੀ ਪੰਡ 'ਚੋਂ
ਡਿਗ ਪਿਆ

ਦੁਨੀਆ ਨੂੰ
ਹੁਸੀਨ ਵੇਖਣ ਦਾ ਸੁਪਨਾ

ਇਸੇ ਸੁਪਨੇ ਨੂੰ
ਲੈ ਜਾਣ ਲਈ
ਉਹ ਇਥੋਂ ਤਕ ਆਇਆ ਸੀ

## ਕਵਿਤਾ ਦਾ ਆਉਣਾ

ਵੇਲਾ ਕਿੰਨਾ ਵੀ ਹੋਵੇ  ਔਖਾ
ਸੰਕਟ ਭਰਿਆ
ਉਦਾਸੀ ਭਰਿਆ

ਅਜਿਹੇ ਵੇਲੇ ਵਿਚ
ਬਹੁਤ ਕੁਝ ਛੁਟ ਜਾਂਦਾ ਹੈ
ਮਿਤਰਾਂ ਨੂੰ ਮਿਲਣਾ
ਲਤੀਫੇ ਸੁਨਣੇ ਸੁਨਾਉਣੇ
ਠਹਾਕੇ ਮਾਰਨੇ

ਪਰ ਵੇਲਾ
ਕਿਹੋ ਜਿਹਾ ਵੀ ਹੋਵੇ
ਕਵਿਤਾ ਆਉਣੋਂ ਨਹੀਂ ਹਟਦੀ
ਤੁਸੀਂ ਸੁਪਨੇ ਲੈਣੋਂ ਨਹੀਂ ਹਟਦੇ
ਸੁਪਨਿਆਂ ਵਿਚ
ਬਾਗ ਹਰੇ ਭਰੇ
ਫੁਲ ਖਿੜੇ ਖਿੜੇ
ਤਿਤਲੀਆਂ ਰੰਗ ਬਰੰਗੀਆਂ
ਬਾਗ ਦੀ ਰੌਣਕ
ਸੁਪਨੇ ਮਹਿਕੇ ਹੋਏ
ਰੰਗਾਂ ਨਾਲ ਰੰਗੇ ਹੋਏ
ਕਵਿਤਾ ਤੁਹਾਡੇ ਸੁਪਨਿਆਂ ਨੂੰ
ਮਾਨਣ ਆਉਂਦੀ ਹੈ
ਸੁਪਨੇ ਜਦ ਤਕ ਜਿਉਂਦੇ ਹਨ
ਕਵਿਤਾ ਦਾ ਆਉਣਾ
ਜਾਰੀ ਰਹੇਗਾ

## ਜ਼ਿੰਦਗੀ-2

ਘਰ ਦੇ ਪਛਵਾੜੇ
ਰਾਤ ਭਰ
ਕੁੱਤਾ ਰੋਂਦਾ ਰਿਹਾ

ਸਵੇਰ ਹੁੰਦਿਆਂ ਸਾਰ
ਘਰ ਦੇ ਬਨੇਰੇ ਤੇ
ਕਾਂ ਆ ਬੈਠਾ

ਰਾਤ ਇਸ ਘਰ ਦਾ ਬਜ਼ੁਰਗ
ਇਸ ਘਰ ਨੂੰ
ਸਦੀਵੀ ਅਲਵਿਦਾ ਕਹਿ ਗਿਆ

ਤੜਕਸਾਰ
ਇਸ ਪਰਿਵਾਰ ਦੀ ਫੁਲਵਾੜੀ ਵਿਚ
ਇਕ ਨਵਾਂ ਫੁਲ ਖਿੱੜਿਆ

ਜ਼ਿੰਦਗੀ
ਸੋਗ ਤੇ ਖੁਸ਼ੀ ਵਿਚਕਾਰ ਖਲੋਤੀ
ਮੁਸਕਰਾਉਂਦੀ ਰਹੀ

✵

## ਸਹਿਜ ਤੇ ਅਸਹਿਜ

ਉਹ ਸਹਿਜ ਹੀ ਪਹਾੜੀ ਤੋਂ
ਉਤਰ ਰਿਹਾ ਸੀ
ਉਨਾ ਪ੍ਰੇਸ਼ਾਨ ਨਹੀਂ
ਜਿੰਨਾ ਪਹਾੜੀ ਤੇ ਚੜ੍ਹਨ ਵੇਲੇ

ਪਰ ਉਸ ਸਹਿਜਤਾ ਵਿਚ
ਅਜੀਬ ਅਸਹਿਜਤਾ ਸੀ
ਲੋਕਾਂ ਦੀਆਂ ਨਜ਼ਰਾਂ ਤੋਂ
ਅਲੋਪ ਹੋ ਜਾਣ ਦਾ ਫਿਕਰ

ਜਿਸ ਤਰ੍ਹਾਂ ਪਹਾੜੀ ਤੇ ਚੜ੍ਹਣ ਵੇਲੇ
ਔਖ ਦੇ ਹੁੰਦਿਆਂ ਵੀ
ਇਕ ਸੁਖ ਨਾਲ ਸੀ
ਸਭ ਦੀਆਂ ਨਜ਼ਰਾਂ 'ਚ
ਬਣੇ ਰਹਿਣ ਦਾ ਸੁਖ

✵

## ਪ੍ਰਸ਼ਨ

ਕਵਿਤਾ
ਕੀ ਤੈਨੂੰ ਮੈਂ
ਉਸ ਰੂਪ ਵਿਚ ਰਹਿਣ ਦਿਆਂ
ਜਿਸ ਵਿਚ ਤੂੰ ਆਈ ਏਂ

ਸੂਰਜ ਵਾਂਗ
ਦਗਦਾ ਚਿਹਰਾ
ਨਜ਼ਰਾਂ
ਸਦੀਆਂ ਤਕ ਫੈਲੀਆਂ ਹੋਈਆਂ
ਪੋਸ਼ਾਕ ਤੇਰੀ
ਤਿਤਲੀਆਂ ਦੇ ਖੰਭਾਂ ਦੇ
ਰੰਗਾਂ ਜਿਹੇ ਰੰਗਾਂ ਵਿਚ
ਰੰਗੀ ਹੋਈ
ਫੁਲਾਂ ਸੰਗ ਬਣੇ ਹੋਏ
ਤੇਰੇ ਗਹਿਣੇ
ਚਾਰੇ ਪਾਸੇ
ਮਹਿਕ ਹੀ ਮਹਿਕ

ਕਵਿਤਾ!
ਕੀ ਤੈਨੂੰ ਇਸੇ ਤਰ੍ਹਾਂ ਰਹਿਣ ਦਿਆਂ
ਮਹਿਕੀ ਹੋਈ ਨੂੰ
ਮਹਿਕ ਵੰਡਦੀ ਨੂੰ

ਜਾਂ ਬਾਜ਼ਾਰ ਦੀ ਲੋੜ ਅਨੁਸਾਰ
ਤੇਰੇ ਵਿਚ
ਤਬਦੀਲੀਆਂ ਕਰ ਦਿਆਂ
ਤਾਂ ਕਿ
ਬਾਜ਼ਾਰ ਵਿਚ
ਤੇਰਾ ਮੁੱਲ ਪੈ ਸਕੇ
ਪਰ
ਬਾਜ਼ਾਰ ਵਲ ਜਾਂਦੀ ਹੋਈ
ਕੀ ਤੂੰ
ਕਵਿਤਾ ਰਹਿ ਜਾਵੇਂ

## ਮੇਰੀ ਕਵਿਤਾ

ਮੇਰੇ ਨਾਲ ਨਾਲ ਤੁਰਦੀ ਆਈ ਹੈ
ਮੇਰੀ ਕਵਿਤਾ
ਮੇਰੇ ਦੁਖਾਂ ਸੁਖਾਂ
ਕਮੀਆਂ ਪ੍ਰਾਪਤੀਆਂ
ਨਫਰਤਾਂ ਤੇ ਮੁਹੱਬਤਾਂ ਦੀ
ਗਵਾਹ ਹੈ ਮੇਰੇ ਕਵਿਤਾ

ਮੇਰੇ ਸੁਪਨਿਆਂ ਦਾ ਲੇਖਾ ਜੋਖਾ
ਸੁਪਨਿਆਂ ਦੇ ਪੂਰੇ ਹੋਣ
ਅਧਵਾਟੇ ਟੁੱਟਣ
ਸਭ ਕੁਝ ਦਾ ਹਿਸਾਬ ਹੈ
ਮੇਰੀ ਕਵਿਤਾ ਕੋਲ

ਮੇਰੀ ਕਵਿਤਾ
ਮੇਰੇ ਵਾਰੇ ਉਹ ਕੁਝ ਕਹਿ ਜਾਂਦੀ ਹੈ
ਜੋ ਮੈਂ ਸ਼ਾਇਦ
ਕਦੀ ਨਹੀਂ ਕਹਿ ਸਕਦਾ

ਕਵਿਤਾ ਕੋਲ ਸ਼ਬਦ ਹਨ
ਕਹਿਣ ਦੀ ਜੁਰਅਤ
ਕਵਿਤਾ ਮਖੌਟਾ ਨਹੀਂ ਚੜਾਉਂਦੀ

ਉਸ ਦੇ ਚਿਹਰੇ ਤੇ ਮਨ ਦੇ
ਪੂਰੇ ਦਰਸ਼ਨ ਹੁੰਦੇ ਹਨ
ਕਵਿਤਾ
ਮੇਰੀਆਂ ਉਚੀਈਆਂ
ਤੇ ਨਿਮਾਣਾਂ ਨੂੰ ਜਾਣਦੀ ਹੈ

ਉਹ ਮੇਰੇ ਨਾਲ ਹੁੰਦੀ ਹੈ
ਜਦੋਂ ਮੈਂ ਕਦੀ
ਛੋਟੀ ਸੋਚ ਦੇ ਖੱਡੇ ਵਿਚ
ਡਿਗਣ ਲਗਦਾ ਹਾਂ
ਮੇਰੀ ਕਵਿਤਾ
ਮੇਰਾ ਹੱਥ ਫੜ ਕੇ ਰੋਕ ਲੈਂਦੀ ਹੈ
ਕਵਿਤਾ
ਹਰ ਪਲ ਮੇਰੇ ਨਾਲ ਹੁੰਦੀ ਹੈ

✵

## ਚੰਗਾ ਹੋਵੇ

ਚੰਗਾ ਹੋਵੇ
ਜੇ ਅੱਖਾਂ ਤੇ ਲੱਗਾ
ਝੂਠੀ ਆਸ ਦਾ
ਚਸ਼ਮਾ ਉਤਾਰ ਕੇ ਸੁਟ ਦੇਈਏ

ਚੰਗਾ ਹੋਵੇ
ਜੇ ਝੂਠੇ ਦਿਲਾਸੇ ਦੇਂਦੇ
ਨਾਹਰਿਆਂ ਦੇ ਸੰਘ ਘੁਟ ਦੇਈਏ

ਚੰਗਾ ਹੋਵੇ
ਜੇ ਝੂਠੇ ਸੁਪਨੇ ਸਿਰਜਦੇ
ਰੰਗ ਇੱਕਠੇ ਕਰਕੇ
ਕਿਤੇ ਦੱਬ ਦੇਈਏ

ਚੰਗਾ ਹੋਵੇ
ਜੇ ਚੇਤੰਨ ਹੋ ਕੇ
ਆਪਣੇ ਆਪ ਨਾਲ ਤੁਰੀਏ
ਦੁਖਾਂ ਦੇ ਮੀਂਹ ਵਿਚ ਭਿਜੀਏ
ਨਵੇਂ ਨਕੋਰ ਹੋ ਕੇ
ਨਵੇਂ ਜੀਵਨ ਦੇ ਰਾਹ ਤੇ ਤੁਰੀਏ
ਚੰਗਾ ਹੋਵੇ
ਜੇ ਇੰਜ ਕਰ ਲਈਏ

✷

## ਕਵਿਤਾ ਨੂੰ ਕਵਿਤਾ ਹੀ ਰਹਿਣ ਦਿਉਂ

ਕਵਿਤਾ ਨੂੰ ਕਵਿਤਾ ਹੀ ਰਹਿਣ ਦਿਉ
ਸੁਘੜ ਸਿਆਣੀ
ਆਪਣੀਆਂ ਸੋਚਾਂ 'ਚ ਗੁਆਚੀ
ਅੱਖਾਂ ਵਿੱਚ ਭਵਿਖ ਲਈ
ਸੁਪਨੇ ਬੀਜਦੀ
ਬੀਤ ਗਏ ਦੇ ਜ਼ਖਮਾਂ ਤੇ
ਮਰਹਮ ਲਗਾਉਂਦੀ
ਅਜ ਦੀਆਂ ਔਖਾਂ ਸੌਖਾਂ
ਨਾਲ ਨਿਭਾਉਂਦੀ ਵਿਚਰਦੀ

ਕਵਿਤਾ ਨੂੰ
ਉਹ ਖੇਖਣਹਾਰੀ
ਨਾਰ ਨਾ ਬਨਣ ਦਿਉ
ਜਿਹੜੀ ਕਿਸੇ ਨਾਲ ਵੀ
ਅੱਖ ਮਟੱਕਾ ਕਰਦੀ
ਘੁੰਮ ਸਕਦੀ ਹੈ

## ਅੰਦਰਲੇ ਰੰਗ

ਜੇ ਦੂਜਾ ਜਨਮ ਹੁੰਦਾ ਹੈ
ਤਾਂ ਰੱਬ ਮੈਨੂੰ
ਅਗਲੇ ਜਨਮ ਵਿਚ
ਫੁਲਦਾਰ ਬੂਟਾ ਬਣਾ ਦੇਵੇ

ਅਜਿਹੀ ਬੂਟਾ
ਜਿਸ ਨੂੰ ਰੰਗ ਬਰੰਗੇ ਫੁਲ ਲਗਣ
ਜਦੋਂ ਫੁਲਾਂ ਨਾਲ ਭਰਿਆ ਹੋਵੇ
ਲੋਕਾਂ ਦੀਆਂ ਅੱਖਾਂ ਨੂੰ ਖਿੱਚ ਪਾਵੇ
ਲੋਕ ਮੇਰੇ ਵਲ ਆਉਣ
ਰੰਗਤ ਮਾਨਣ ਮਹਿਕ ਲੈਣ
ਮਹਿਕੇ ਹੋਏ ਚਲੇ ਜਾਣ
ਉਦੋਂ ਮੈਂ ਉਹਨਾਂ ਅੱਖਾਂ ਵਿਚ
ਆਪਣੇ ਲਈ
ਉਗਮਦਾ ਪਿਆਰ ਦੇਖਾਂ

ਜਦੋਂ ਮੌਸਮ
ਮੇਰੇ ਸਾਰੇ ਫੁਲ ਝਾੜ ਦੇਵੇ
ਮੈਂ ਫੁਲਹੀਣਾ ਹੋ ਕੇ
ਬਹਾਰ ਦੇ ਮੌਸਮ ਦੀ ਉਡੀਕ ਕਰਾਂ

ਲੋਕ ਮੇਰੇ ਵਲ ਨਜ਼ਰ ਪਾਏ ਬਿਨਾ
ਕੋਲੋਂ ਗੁਜਰ ਜਾਣ
ਉਦੋਂ ਵੀ ਮੈਂ
ਆਪਣੇ ਅੰਦਰ ਦੇ ਰੰਗਾਂ
ਤੇ ਮਹਿਕ ਨਾਲ ਭਰਿਆ
ਉਦਾਸ ਨਾ ਹੋਵਾਂ
ਬਸ ਉਸ ਮੌਸਮ ਦੀ ਉਡੀਕ ਕਰਾਂ
ਜਦੋਂ ਮੇਰੇ ਰੰਗ ਤੇ ਮੇਰੀ ਮਹਿਕ
ਫੁਲਾਂ ਦੇ ਰੂਪ ਵਿਚ
ਬਾਹਰ ਆ ਜਾਣਗੇ

## ਗਲੋਬ

ਬੜੇ ਫਖਰ ਨਾਲ ਕਹਿੰਦੇ ਹਾਂ
ਦੁਨੀਆ ਕਿੰਨੀ ਛੋਟੀ ਹੋ ਗਈ ਏ
ਬੰਦੇ ਦੇ ਹੱਥ ਵਿਚ
ਫੜੇ ਗਲੋਬ ਵਾਂਗ

ਇਕੋ ਦਿਨ ਵਿਚ
ਕਿਥੋਂ ਕਿਥੇ ਘੁੰਮ ਕੇ ਆ ਸਕਦੇ ਹਾਂ
ਜਿਸ ਰਿਸ਼ਤੇ ਨੂੰ ਮਿਲਣਾ ਚਾਹੀਏ
ਮਿਲ ਸਕਦੇ ਹਾਂ
ਆਪਣਿਆਂ ਦੇ ਸਨੇਹ ਸੰਗ
ਵਾਂਗ ਫੁਲਾਂ ਦੇ ਖਿੜ ਸਕਦੇ ਹਾਂ

ਨਾਲ ਹੀ ਕਹੀਏ
ਕਦੀ ਬੰਦੇ ਦੀ ਪਹੁੰਚ
ਆਪਣੇ ਪਿੰਡ ਤਕ ਹੁੰਦੀ ਸੀ
ਉਸਨੇ ਆਪਣੇ ਪਿੰਡ ਦਾ ਵਸੀਮਾ
ਕਦੀ ਨਾ ਟਪਿਆ

ਉਸ ਬੰਦੇ ਦਾ
ਇਹਨਾਂ ਗਲਾਂ ਨਾਲ ਕੀ ਰਿਸ਼ਤਾ
ਉਸ ਨੇ ਪਿੰਡ ਦਾ ਵਸੀਮਾ ਟੱਪ ਕੇ
ਗਲੋਬ ਨੂੰ ਹੱਥ 'ਚ ਫੜ ਕੇ

ਦੁਨੀਆ ਨੂੰ ਛੋਟੀ ਕਰ ਕੇ
ਕੀ ਲੈਣਾ ਸੀ
ਉਸ ਦਾ ਗਲੋਬ
ਉਸ ਦੇ ਪਿੰਡ ਦਾ
ਉਹ ਨਕਸ਼ਾ ਸੀ
ਜਿਹੜਾ ਕਿਸੇ ਵੀ ਵੇਲੇ
ਉਸ ਦੀਆਂ ਅੱਖਾਂ ਵਿਚ
ਚਿਤਰਿਆ ਹੋਇਆ
ਤਕਿਆ ਜਾ ਸਕਦਾ ਸੀ

## ਰਾਬਤਾ

ਮੈਂ ਆਪਣੇ ਬਚਪਨ ਨੂੰ
ਯਾਦ ਕਰ ਕੇ
ਅਕਸਰ ਘਬਰਾ ਜਾਂਦਾ ਹਾਂ
ਜਿਵੇਂ ਅਸੀਂ ਸਾਰੇ ਜਣੇ
ਘਬਰਾ ਜਾਂਦੇ ਹਾਂ
ਜੰਗ ਦੇ ਮਾਹੌਲ ਵਿਚ

ਜਦੋਂ ਸਾਡਾ ਕੋਈ ਜੁਰਮ ਨਹੀਂ ਹੁੰਦਾ
ਕੋਈ ਗੁਨਾਹ ਨਹੀਂ ਹੁੰਦਾ
ਕੋਈ ਗੁਸਤਾਖੀ ਨਹੀਂ ਹੁੰਦੀ
ਪਰ ਸਜ਼ਾ ਮਿਲਦੀ ਹੈ

ਸਜ਼ਾ ਵਜੋਂ
ਤੁਹਾਡਾ ਕੋਈ ਅੰਗ ਜਾ ਸਕਦਾ ਹੈ
ਤੁਹਾਡਾ ਸਿਰ
ਕਪੜੇ ਮਿਨਣ ਵਾਲੇ
ਗੱਜ ਨਾਲ ਵੀ
ਫਟ ਸਕਦਾ ਹੈ
ਅਤੇ ਬੇਹੋਸ਼ ਹਾਲਤ ਵਿਚ
ਤੁਸੀਂ
ਆਪਣਿਆਂ ਵਲੋਂ ਬਣਾਏ
ਯਾਤਨਾ ਕੈਂਪ ਵਿਚ
ਪਏ ਮਿਲ ਸਕਦੇ ਹੋ

ਕੀ ਤੁਸੀਂ
ਕਦੀ ਅਜਿਹਾ
ਬਚਪਨ ਵੇਖਿਆ ਹੈ
ਜਿਸ ਵਿਚ
ਜੰਗ ਵਾਲੇ ਮਾਹੌਲ ਨੂੰ
ਸਹਿਣਾ ਪਿਆ ਹੋਵੇ

ਜੇ ਕਦੀ
ਤੁਹਾਡੇ ਨਾਲ
ਅਜਿਹਾ ਹੋਇਆ ਹੈ
ਤਾਂ
ਮੇਰੇ ਨਾਲ ਰਾਬਤਾ ਕਰਨਾ

ਮੇਰਾ ਈ-ਮੇਲ ਪਤਾ ਹੈ
ਗੁਆਚਿਆ ਬਚਪਨ
ਗੁਆਚੀ ਜੁਆਨੀ
ਐਟ ਦੀ ਰੇਟ ਗੁਆਚਿਆ ਜੀਵਨ
ਡੌਟ ਕਾਮ

## ਸੁਪਨੇ ਦਾ ਦੁਖਾਂਤ

ਮੈਂ ਉਸ ਬੱਚੇ ਨੂੰ ਵੇਖਿਆ ਸੀ
ਸਜਿਆ ਸੰਬਰਿਆ
ਮੱਥੇ ਤੇ ਕਾਲਖ ਦਾ ਟਿੱਕਾ ਵੀ

ਉਹ ਆਪਣੇ ਪਿਤਾ ਦੇ
ਹੱਥਾਂ 'ਚ ਸੀ
ਹੱਸਦਾ ਹੋਇਆ
ਪਿਤਾ ਨੂੰ ਤਕਦਾ ਹੋਇਆ
ਏਧਰ ਉਧਰ
ਚਿਹਰਿਆਂ ਨੂੰ ਵੇਖ ਕੇ ਵੀ
ਪਿਤਾ ਨੂੰ ਤਕ ਕੇ
ਮੁਸਕਰਾਉਂਦਾ ਹੋਇਆ

ਮੈਂ ਗੁੰਮ ਜਾਂਦਾ ਹਾਂ
ਇਕ ਸੁਪਨੇ ਵਿਚ
ਜਿਸ ਵਿਚ ਮੈਨੂੰ
ਸਾਰਾ ਕੁਝ ਲਭਿਆ ਸੀ
ਪਰ ਬਾਦ ਵਿਚ ਕੁਝ ਵੀ
ਸੁਪਨੇ ਵਰਗਾ ਨਹੀਂ ਸੀ

ਹੁਣ ਜਦੋਂ
ਸੁਪਨਾ ਲੈਂਦਾ ਹਾਂ
ਕਿਸੇ ਦੀਆਂ ਬਾਹਾਂ ਹੁੰਦੀਆਂ ਹਨ
ਬੁਲਾਉਂਦੀਆਂ ਹੋਈਆਂ

ਮੈਂ ਦੂਰੋਂ ਬਾਹਾਂ ਖਿਲਾਰਦਾ
ਉਸ ਸੁਪਨੇ ਵਲ ਵਧਦਾ ਹਾਂ
ਤੇ ਸੁਪਨਾ ਟੁਟ ਜਾਂਦਾ ਹੈ

## ਤੇਰੀ ਉਡੀਕ ਵਿਚ

ਮੈਂ ਜਾਣਦਾ ਹਾਂ
ਕਿ ਤੂੰ ਏਂ
ਤਾਂ ਮੇਰੀ ਕਵਿਤਾ ਏ

ਤੇਰੀ ਪ੍ਰੇਰਨਾ
ਤੇਰੇ ਪਿਆਰ ਸਦਕਾ
ਲਿਖ ਲੈਂਦਾ ਹਾਂ
ਕੁਝ ਸਤਰਾਂ
ਜਿਸ ਨੂੰ
ਕਵਿਤਾ ਕਹਿ ਦੇਈਦਾ ਹੈ
ਤੇ, ਮੈਂ ਕਵੀ ਹੁੰਦਾ ਹਾਂ

ਮੈਂ ਜਾਣਦਾ ਹਾਂ
ਜਦੋਂ ਤੂੰ ਨਹੀਂ ਹੋਵੇਂਗੀ
ਉਦੋਂ ਹਰ ਪਲ
ਆਪਣੇ ਮਨ ਦੀ ਸਲੇਟ ਤੇ
ਤੇਰੀ ਉਡੀਕ ਵਿਚ
ਔਂਸੀਆਂ ਦੇ ਰੂਪ ਵਿਚ
ਕਵਿਤਾ ਲਿਖਦਾ
ਮੈਂ ਕਵੀ ਹੋਵਾਂਗਾ

## ਗਾਰਵੇਜ ਬੈਗ

ਸਮੇਂ ਦੇ ਬਦਲਣ ਨਾਲ
ਸਿਰਫ ਕੈਲੰਡਰ ਹੀ
ਪੁਰਾਣੇ ਨਹੀਂ ਹੁੰਦੇ
ਜਿਹਨਾਂ ਨੂੰ ਸੁਟ ਦਿਤਾ ਜਾਂਦਾ ਹੈ
ਕੂੜੇ ਦੇ ਨਾਲ

ਸਮੇਂ ਦੇ ਬਦਲਣ ਦੇ ਨਾਲ
ਬਹੁਤ ਕੁਝ
ਪੁਰਾਣਾ ਹੋ ਜਾਂਦਾ ਹੈ
ਕੁਝ ਨਾਂ
ਕੁਝ ਰਿਸ਼ਤੇ, ਕੁਝ ਸ਼ੌਕ
ਕੁਝ ਤਸਵੀਰਾਂ, ਕੁਝ ਖਤ

ਅਸੀਂ ਕਿਸੇ ਨਾ ਕਿਸੇ ਬਹਾਨੇ
ਉਹਨਾਂ ਨੂੰ ਵੀ ਸੁਟ ਦੇਂਦੇ ਹਾਂ
ਮਨ 'ਚੋਂ ਸੁਟੇ
ਆਪਣੇਪਨ
ਜਾਂ ਬੇਗਾਨੇਪਨ ਦੇ ਨਾਲ

ਇਹ ਸਭ ਕੁਝ
ਸੁਟਣ ਵੇਲੇ
ਗਾਰਵੇਜ਼ ਬੈਗ
ਚੰਗੀ ਤਰ੍ਹਾਂ ਬੰਦ ਕਰਦੇ ਹਾਂ
ਤਾਂ ਕਿ
ਸੁੱਟੀ ਜਾਂਦੀ ਕਿਸੇ ਚੀਜ਼ ਦਾ
ਕਿਸੇ ਨੂੰ ਪਤਾ ਨਾ ਲੱਗੇ

## ਅਧਵਾਟੇ ਟੁੱਟਾ ਖਾਬ

ਕਿੰਨੇ ਹੀ ਰੰਗ ਬਰੰਗੇ ਟੁਕੜੇ ਸਨ
ਮੇਰੇ ਕੋਲ
ਬਣਾ ਸਕਦਾ ਸਾਂ
ਇਮਾਰਤ ਜਿੰਦਗੀ ਦੀ
ਪੂਰੇ ਹੋ ਸਕਦੇ
ਸਾਰੇ ਖਾਬ ਮੇਰੇ
ਜਿਸ ਵਿਚ ਤੂੰ ਹੁੰਦੀ
ਮੈਂ ਹੁੰਦਾ
ਤੇ ਹੁੰਦਾ ਸਾਡਾ ਪਿਆਰ
ਤੇ ਦੋਵੇਂ
ਘੁਲਦੇ ਘੋਲ ਜਿੰਦਗੀ ਦਾ
ਇਸ ਦੂਜੇ ਦਾ ਸਾਥ ਬਣਦੇ
ਪਰ ਇਹ ਵੀ ਖਾਬ
ਅਧਵਾਟੇ ਟੁੱਟਾ
ਹੋ ਗਿਆ ਚੀਨਾ ਚੀਨਾ
ਜਖਮੀ ਹੋ ਗਏ
ਪੈਰਾਂ ਦੇ ਲਈ ਸਫਰ ਗੁਆਚਾ

ਕਿਉਂਕਿ
ਤੇਰੇ ਤੇ ਮੇਰੇ ਵਿਚਕਾਰ
ਰੰਗ ਬਰੰਗੇ
ਟੁਕੜਿਆਂ ਨੂੰ ਜੋੜਨ ਵਾਲੀ ਤੰਦ
ਟੁਟ ਗਈ ਸੀ

✵

## ਪਰਿਵਰਤਨ

ਐਵੇਂ ਨਹੀਂ ਬਦਲ ਜਾਂਦੇ ਰਿਸ਼ਤੇ
ਕੌਣ ਨਹੀਂ ਚਾਹੇਗਾ।
ਮਹਿਬੂਬਾ ਨੂੰ ਗੁਲਾਬ ਕਹਿਣਾ
ਤੇ ਮੁਸਕਰਾਉਣਾ
ਗੁਲਾਬ ਦੀ ਮਹਿਕ ਲੈਣੀ
ਤੇ ਖੀਵੇ ਹੋ ਹੋ ਜਾਣਾ

ਰਾਹ ਵਿਚ ਆਈਆਂ ਚਟਾਨਾਂ
ਬਦਲ ਦੇਂਦੀਆਂ ਹਨ ਰਸਤੇ
ਸ਼ਾਂਤ ਵਗਦੇ ਪਾਣੀ
ਧਾਰ ਲੈਂਦੇ ਹਨ
ਹੜ੍ਹ ਦਾ ਰੂਪ
ਬਿਖਰ ਜਾਂਦੇ ਹਨ ਆਪ
ਤੇ ਰੋੜ੍ਹ ਦੇਂਦੇ ਹਨ
ਆਲਾ ਦੁਆਲਾ

ਇਹ  ਸਭ ਐਵੇਂ ਨਹੀਂ ਹੁੰਦਾ
ਕੋਈ ਐਵੇਂ ਨਹੀਂ
ਕੂਏ ਯਾਰ ਨੂੰ ਛਡ ਕੇ
ਸੂਏ ਦਾਰ ਵਲ ਜਾਂਦਾ

✵

## ਜੀਵਨ-ਚਿੱਤਰ

ਕੀ ਫੜ ਸਕਦੇ ਹੋ
ਉਹਨਾਂ ਰੰਗਾਂ ਨੂੰ
ਜੋ ਖਿਲਰੇ ਦਿਸਦੇ ਹਨ
ਕਿਸੇ ਬੱਚੇ ਦੀ
ਮਾਸੂਮ ਮੁਸਕਾਨ ਵਿਚ

ਸਜਣ ਦੇ ਮਿਲਾਪ ਵਾਲੇ ਪਲਾਂ 'ਚ
ਦੁਲਹਨ ਦੇ ਚਿਹਰੇ ਵਿਚ

ਕਿਸੇ ਵਿਧਵਾ ਦੇ ਚੀਖਾਂ ਮਾਰਦੇ
ਹੰਝੂ ਵਗਾਉਂਦੇ ਚਿਹਰੇ ਵਿਚ

ਜਾਂ ਫੇਰ
ਸਭ ਕੁਝ ਗਵਾ ਚੁਕੇ
ਮਿਹਨਤਕਸ਼ ਦੀ
ਲਲਕਾਰ ਮਾਰਨ ਵੇਲੇ

ਕੀ ਕਦੀ ਫੜ ਸਕਦੇ ਹੋ
ਸਾਰੇ ਰੰਗਾਂ ਨੂੰ
ਤਾਂ ਕਿ ਜੀਵਨ-ਚਿੱਤਰ ਪੂਰਾ ਹੋ ਸਕੇ
ਰੰਗਦਾਰ ਹੋ ਸਕੇ

## ਬਚਪਨ ਦੀ ਯਾਦ

ਦਰਵਾਜਾ ਖੋਹਲ ਕੇ ਬਾਹਰ ਆਏ ਨੂੰ
ਕੋਰੀਡੋਰ ਵਿਚ ਇਕ ਗੁਬਾਰਾ
ਹਵਾ ਨਾਲ ਭਰਿਆ
ਰੰਗ ਬਰੰਗਾ ਨਜ਼ਰੀਂ ਆਇਆ

ਮੈਂ ਸੋਚਿਆ ਇਹ ਸ਼ਾਇਦ
ਹਵਾ 'ਚ ਉਡਦਾ ਉਡਦਾ
ਥਕ ਹਾਰ ਕੇ ਸਾਹ ਲੈਣ ਲਈ
ਇਥੇ ਆਇਆ
ਜਾਂ ਇਹ ਸ਼ਾਇਦ
ਕਿਸੇ ਬੱਚੇ ਦੇ ਹਥੋਂ ਛੁਟਿਆ
ਉਸ ਨੂੰ ਲਭਦਾ
ਉਸ ਦੇ ਚਾਅ ਤੇ ਪਿਆਰ ਨੂੰ ਲਭਦਾ
ਦਰ ਦਰ ਭਟਕਦਾ ਇਥੇ ਪੁਜਾ

ਜਾਂ ਫਿਰ ਮੇਰੇ ਬਚਪਨ ਦੀ
ਕੋਈ ਯਾਦ ਲੈ ਲਾਇਆ
ਇਹ ਗੁਬਾਰਾ

ਮੈਂ ਸੋਚਿਆ ਮੈਂ ਚੁੱਕਾਂ ਇਸ ਨੂੰ
ਹਵਾ ਦੇ ਕਰਾਂ ਹਵਾਲੇ
ਉਡੇ ਤੇ ਆਪਣੀ ਜ਼ਿੰਦਗੀ ਮਾਣੇ
ਪਰ ਸੋਚਿਆ, ਸ਼ਾਇਦ ਉਹ ਬੱਚਾ
ਜਿਸ ਦੇ ਹੱਥੋਂ ਇਹ ਛੁਟਿਆਂ
ਇਥੇ ਆਵੇ
ਤੇ ਇਸ ਨੂੰ ਮਿਲ ਜਾਵੇ
ਇਸ ਦਾ ਪਿਆਰ

✵

## ਸਵਾਲਾਂ ਦੇ ਸਨਮੁੱਖ

ਮਨ ਅੰਦਰ ਨ੍ਹੇਰਾ ਫੈਲ ਜਾਣ ਨਾਲ
ਬਾਹਰ ਦਾ ਸਾਰਾ ਸੁਹੱਪਣ
ਕਿਉਂ ਡੁਬ ਜਾਵੇ ਉਸ ਹਨੇਰੇ ਅੰਦਰ ?

ਜੇ ਸਾਡੇ ਅੰਦਰ
ਦਾਦੀ ਮਾਂ ਤੋਂ ਸੁਣੀ ਲੋਰੀ ਜਿਉਂਦੀ ਏ
ਤਾਂ ਅਸੀਂ ਨਵੀਂ ਪੌਦ ਲਈ
ਲੋਰੀਆਂ ਕਿਉਂ ਨਹੀਂ ਸਿਰਜ ਰਹੇ ?

ਜਦੋਂ ਅਸੀਂ ਕਿਸੇ ਗਲਤ ਵਿਚਾਰ ਨੂੰ
ਸਹੀ ਠਹਿਰਾਉਂਦੇ ਹਾਂ
ਕੀ ਅਸੀਂ ਕਿਸੇ ਠੀਕ ਨੂੰ
ਗਲਤ ਨਹੀਂ ਕਹਿ ਰਹੇ ਹੁੰਦੇ ?

ਜਦੋਂ ਮਨ ਤੋਂ ਕੋਈ ਤੁਹਾਡਾ ਨਾ ਰਹੇ
ਉਸ ਵੇਲੇ ਉਸ ਦਾ ਜਿਸਮ
ਤੁਹਾਡੇ ਲਈ ਕੀ ਅਰਥ ਰਖਦਾ ਹੈ ?

ਜਦੋਂ ਤੁਸੀਂ ਕਿਸੇ ਨੂੰ ਬਹੁਤ ਕੁਝ ਕਹਿਣਾ ਚਾਹੋ
ਪਰ ਉਸ ਨਾਲ ਰਾਬਤਾ ਨਾ ਰਹੇ
ਉਸ ਵੇਲੇ ਕਿਹੋ ਜਿਹਾ ਲਗਦਾ ਹੈ ?
ਬੋਲਾਂ ਦੇ ਹਿੱਸੇ ਆਉਂਦਾ ਬੜਾ ਕੁਝ
ਕਦੀ ਪਿਆਰ ਕਦੀ ਦੁਤਕਾਰ
ਪਰ ਚੁਪ ਦੇ ਹਿੱਸੇ ਆਵੇ ਕੀ ?

ਸੂਲਾਂ ਦੇ ਮੂੰਹ
ਜੰਮਦੀਆਂ ਦੇ
ਤਿੱਖੇ ਕਿਉਂ ਹੁੰਦੇ ਹਨ ?

ਸੂਰਜ ਦੀ ਆਮਦ ਦਾ
ਸੰਸਾਰ ਨੂੰ
ਕਿਵੇਂ ਪਤਾ ਲਗ ਜਾਂਦਾ ਹੈ ?

ਜਦੋਂ ਬਹੁਤ ਕੁਝ
ਨਿਰਅਰਥ ਨਜ਼ਰ ਆਉਣ ਲਗੇ
ਕੀ ਉਸ ਵੇਲੇ ਕੁਝ ਅਰਥ
ਨਜ਼ਰਾਂ ਦੇ ਘੇਰੇ 'ਚ ਨਹੀਂ ਆ ਜਾਂਦੇ ?

ਕੀ ਦੁਸ਼ਮਣੀ
ਦੋਸਤੀ ਦਾ ਹੀ
ਬਦਲਿਆ ਰੂਪ ਨਹੀਂ ਹੁੰਦਾ ?

ਕੀ ਸਾਡੀ ਬੇਵਫਾਈ ਦੇ ਬੀਅ
ਸਾਡੀ ਨਾ ਪਸੰਦੀ ਦੀ
ਉਪਜ ਨਹੀਂ ਹੁੰਦੇ ?

ਕੀ ਸਵਾਲਾਂ ਨੂੰ ਜਨਮ ਦੇਣ ਵਾਲੀ ਜ਼ਮੀਨ ਹੀ
ਉਹਨਾਂ ਸਵਾਲਾਂ ਦੇ ਜੁਵਾਬਾਂ ਨੂੰ
ਜਨਮ ਨਹੀਂ ਦੇਂਦੀ ?

ਅਸੀਂ ਮਿਲਾਪ ਦੇ ਛਿਨਾਂ ਵਿਚ
ਵਿਛੋੜੇ ਦੇ ਪਲਾਂ ਦਾ
ਅਨੁਭਵ ਕਿਉਂ ਨਹੀਂ ਕਰਦੇ ?

ਕੀ ਸੜ ਰਹੀ ਚਿਤਾ ਵਿਚ
ਨਵੇਂ ਅੰਕੁਰ ਬਨਣ ਵਾਲੇ
ਬੀਅ ਨਹੀਂ ਜਨਮ ਲੈ ਰਹੇ ਹੁੰਦੇ ?

ਸਾਰੇ ਸਿਆਣਿਆਂ ਦੇ
ਕਹੇ ਸਬਦਾਂ ਦਾ
ਕਿਵੇਂ ਮੇਲ ਹੋ ਜਾਂਦੈ
ਦੱਸੇ ਕੋਈ ?

ਜਿਥੇ ਹਨੇਰਾ ਨਹੀਂ
ਉਥੇ ਹੁੰਦੇ ਨਹੀਂ
ਕਿਉਂ ਅਰਥ ਭਲਾ
ਚਿੱਟੇ ਚਾਨਣਾਂ ਦੇ ?

ਦਿਲ ਦੇ ਦਰਵਾਜੇ ਤੇ
ਕਿਸੇ ਦਸਤਕ ਦੇਣ ਵਾਲੇ ਦੀ
ਕਿਉਂ ਹਰ ਵੇਲੇ
ਰਹਿੰਦੀ ਏ ਉਡੀਕ ?

ਮਖੌਟਿਆਂ ਦੇ ਸ਼ਹਿਰ ਅੰਦਰ
ਅਸਲੀ ਚਿਹਰਾ ਵੀ

ਕਿਉਂ ਵਿਕ ਜਾਂਦੈ
ਮਖੌਟੇ ਦੇ ਭਾਅ ?

ਘਰ ਦੀ ਛਤ ਤੇ ਮੈਂ ਸਾਂ
ਮੇਰੇ ਕੋਲ ਮੇਰਾ ਚੰਨ ਸੀ
ਚੰਦਰਮਾ ਬਾਰ ਬਾਰ
ਕਿਉਂ ਬਦਲਾਂ 'ਚ ਲੁਕਦਾ ਰਿਹਾ ?
ਜੀਵਨ ਵਿਚ ਮਿਠਾਸ ਤੇ ਕੁੜੱਤਣ ਦੋਵੇਂ
ਅਸੀਂ ਸਿਰਫ ਮਿਠਾਸ ਲਭ ਰਹੇ
ਜੀਵਨ ਦਾ ਸੰਤੁਲਨ
ਬਿਗਾੜ ਨਹੀਂ ਰਹੇ ਹੁੰਦੇ ?

ਜਦੋਂ ਕਿਸੇ ਦੇ ਸੁਆਦ
ਸਾਡੇ ਬਣ ਜਾਣ
ਕੀ ਉਦੋਂ
ਅਸੀਂ ਮਾਪੇ ਨਹੀਂ ਬਣ ਗਏ ਹੁੰਦੇ ?

ਕਿਸੇ ਵਿਚਾਰ ਨੂੰ
ਜੇ ਬਹੁਤ ਵਾਰੀ
ਮਨਫੀ ਕਰੀਏ
ਕੀ ਉਹ ਜਮ੍ਹਾਂ ਨਹੀਂ ਹੋ ਜਾਂਦਾ ?

ਰੁਖ ਅਪਣੇ ਝੜ ਗਏ
ਪਤਿਆਂ ਲਈ ਰੁਦਨ ਕਰੇ
ਜਾਂ ਨਵੀਆਂ ਫੁਟ ਰਹੀਆਂ
ਕਰੂੰਬਲਾਂ ਲਈ ਲੋਰੀਆਂ ਸਿਰਜੇ ?

ਜੀਵਨ ਅਜੇ ਵੀ ਹੈ ਸੋਹਣਾ
ਉਡਦੀ ਫਿਰਦੀ ਤਿਤਲੀ
ਦੇਂਦੀ ਹੈ ਸੰਦੇਸ਼ ਕਿਉਂ ?

ਕੀ ਖਲਾਅ 'ਚ ਲਟਕਣ ਦਾ ਕਾਰਣ
ਸਾਡੇ ਪੈਰਾਂ ਦਾ
ਆਪਣੀ ਧਰਤੀ ਨਾਲ
ਕਮਜ਼ੋਰ ਰਿਸ਼ਤਾ ਨਹੀਂ ਹੁੰਦਾ ?

ਕੀ ਜ਼ਖਮ ਦੇ ਇਲਾਜ ਤੋਂ ਬਿਨਾ
ਕੋਈ ਹੋਰ ਉਪਰਾਲਾ
ਉਸ ਨੂੰ ਕਰ ਸਕਦਾ ਏ ਠੀਕ ?

ਜਖਮ ਦੇ ਬਦਲੇ ਜਖਮ ਕਰਨ ਨਾਲ
ਕੀ ਕਦੀ ਅਸੀਂ
ਜਖਮ ਮੁਕਤ ਹੋ ਸਕਾਂਗੇ ?

ਕਿਸੇ ਆਪਣੇ ਦਾ ਜੂਠਾ ਹੋਇਆ ਬਦਨ
ਛਡਿਆ ਜਾ ਸਕਦਾ ਏ
ਪਰ ਜੂਠੇ ਹੋਏ ਮਨ ਦਾ
ਕੋਈ ਕੀ ਕਰੇ ?

ਜਿਹੜੇ ਕਿਸੇ ਨੂੰ ਰਜ ਕੇ
ਪਿਆਰ ਨਹੀਂ ਕਰ ਸਕਦੇ
ਕੀ ਉਹ ਕਿਸੇ ਡਰ ਦੇ
ਕਾਬੂ ਨਹੀ ਆਏ ਹੁੰਦੇ ?

ਮਜਬੂਰੀਆਂ ਤੇ ਜਿੰਮੇਵਾਰੀਆਂ
ਦੇ ਸਹਾਰੇ ਤੁਰਦਾ ਪਿਆਰ
ਕਿਹੋ ਜਿਹਾ ਹੁੰਦਾ ਏ ?

ਬੇਗਾਨੇ ਨੂੰ ਆਪਣਾ ਕਹਿਣਾ
ਸੌਖਾ ਹੈ
ਪਰ ਕੀ ਕਿਸੇ ਆਪਣੇ ਨੂੰ
ਬੇਗਾਨਾ ਕਹਿਣਾ ਉਨਾ ਹੀ ਸੌਖਾ ਹੈ ?

ਬੇਗਾਨੇ ਚਿਹਰੇ ਵੇਖਣ ਦੀਆਂ
ਆਦੀ ਹੋ ਚੁਕੀਆਂ ਅਖਾਂ ਨੂੰ
ਕਿਸੇ ਆਪਣੇ ਦਾ
ਬੇਗਾਨਾ ਹੋਇਆ ਚਿਹਰਾ
ਕਿਹੋ ਜਿਹਾ ਲਗਦਾ ਹੈ ?

ਕੀ ਰੇਸ਼ਮ ਦਾ ਕੀੜਾ ਜਾਣਦਾ ਹੈ
ਕਿ ਉਹ ਰੇਸ਼ਮ ਬੁਣਦਾ ਹੋਇਆ
ਆਪਣੀ ਮੌਤ ਦੇ ਪਰਵਾਨੇ ਤੇ
ਹਸਤਾਖਰ ਕਰ ਰਿਹਾ ਹੈ ?

ਮੇਰੇ ਹਾਥੀ ਜਿਹੇ ਵਜੂਦ ਨੂੰ
ਜਿਹਨਾਂ ਮਲੀਆਮੇਟ ਕਰ ਦਿਤਾ
ਕੀ ਉਹ ਕੀੜੀਆਂ ਉਹੀ ਨਹੀਂ ਸਨ
ਜਿਹਨਾਂ ਦੇ ਭੌਣ ਤੇ
ਮੈਂ ਤਿਲਚੌਲੀ ਪਾਉਂਦਾ ਰਿਹਾ ਸਾਂ ?

ਆਪਣੀ ਬਹਾਦਰੀ ਦੀਆਂ ਗਲਾਂ ਕਰਨ ਵਾਲੇ
ਆਪਣੀ ਕਿਸੇ ਬੁਜ਼ਦਿਲੀ ਦਾ
ਇਜ਼ਹਾਰ ਨਹੀਂ ਕਰ ਰਹੇ ਹੁੰਦੇ ?

ਕੀ ਮੰਜ਼ਿਲ ਦੀ ਖਿਚ
ਸਾਥੋਂ ਰਾਹ ਦੇ ਹੁਸਨ ਦਾ
ਆਨੰਦ ਨਹੀਂ ਖੋਹ ਲੈਂਦੀ ?

ਕੀ ਮੰਜਿਲ ਤੇ ਪੁਜਿਆਂ ਮਿਲਿਆ ਸੁਖ
ਰਾਹ ਵਿਚ ਮਿਲੇ ਸੁਖ ਤੋਂ
ਵਖਰਾ ਹੁੰਦਾ ਹੈ ?

ਪ੍ਰਾਪਤ ਹੋਈ ਮੰਜ਼ਿਲ
ਮੰਜ਼ਿਲ ਪ੍ਰਾਪਤ ਕਰਨ ਦੀ
ਕਲਪਨਾ ਵੇਲੇ ਜਿੰਨਾ
ਸੁਖ ਕਿਉਂ ਨਹੀਂ ਦੇਂਦੀ ?

ਨਿੱਕੀ ਨੀਂਦ ਨੂੰ ਉਡੀਕਦੇ
ਚਾਅ ਨਾਲ ਭਰ ਜਾਂਦੇ ਹਾਂ
ਲੰਮੇਰੀ ਨੀਂਦ ਲਈ
ਏਨੇ ਪ੍ਰੇਸ਼ਾਨ ਕਿਉਂ ?

ਕੀ ਕਿਸੇ ਅੱਗ ਦੇ ਸੇਕ ਵਿਚ
ਸੜਨ ਤੋਂ ਬਿਨਾ
ਉਸ ਦੀ ਅਸਲੀਅਤ ਨੂੰ
ਜਾਣ ਸਕਦੇ ਹਾਂ ?

ਕੀ ਲੁਟੇਰੇ
ਆਪਣੇ ਲੁਟੇ ਜਾਣੇ ਦਾ
ਜਿਆਦਾ ਰੌਲਾ ਨਹੀਂ ਪਾਉਂਦੇ ?

ਜਦੋਂ ਕੋਈ ਕਿਸੇ ਵਿਸ਼ੇਸ਼ ਨੂੰ ਮਿਲਣਾ ਨਾ ਚਾਹੇ
ਕੀ ਉਹ ਉਸ ਪਲ
ਸਭ ਨੂੰ ਮਿਲਣਾ ਨਹੀਂ ਚਾਹ ਰਿਹਾ ਹੁੰਦਾ ?

ਆਪਣੇ ਲਈ ਕਿਸੇ ਦਾ
ਪੂਰਾਪਣ ਲਭਦੇ
ਕੀ ਅਸੀਂ ਉਸ ਲਈ
ਕਿਸੇ ਅਧੂਰੇਪਨ ਦੀ
ਇਛੱਾ ਨਹੀਂ ਕਰ ਰਹੇ ਹੁੰਦੇ ?

ਕੀ ਸਾਡੇ ਅੰਦਰ ਬਹਾਦਰੀ
ਜਗਾਉਣ ਵਾਲੇ ਉਹ ਨਹੀਂ ਹੁੰਦੇ
ਜਿਹੜੇ ਹਥਿਆਰ ਲੈ
ਸਾਨੂੰ ਮਾਰਨ ਲਈ
ਸਾਹਮਣੇ ਆ ਖਲੋਂਦੇ ਹਨ ?

ਕਿਸੇ ਵਿਚਾਰ ਦੇ ਵਿਰੋਧ ਵਿਚ
ਖਲੋਤੇ ਹੋਏ ਵੀ
ਉਸ ਨਾਲ ਨਰਮ ਵਤੀਰਾ ਕਿਉਂ ਰਖਦੇ ਹਾਂ ?
ਜਦੋਂ ਕਵੀ ਸਿਫ਼ਾਰਸ਼ੀ ਸਨਮਾਨਾਂ ਨਾਲ
ਆਪਣਾ ਕਦ ਵਧਾਉਣਾ ਚਾਹੇ
ਉਦੋਂ ਕਵਿਤਾ ਕੀ ਸੋਚਦੀ ਏ ?

ਸ਼ਬਦ ਤੇ ਅਰਥ
ਇਕ ਦੂਜੇ ਤੋਂ ਬਿਨਾ
ਕੀ ਹਨ ?

ਕਿਸੇ ਦੇ ਬਚਪਨ ਨੂੰ
ਖਿੜ ਖਿੜ ਪੈਂਦੇ
ਅਸੀਂ ਉਸ ਨੂੰ
ਕੀ ਸਿਖਾ ਰਹੇ ਹੁੰਦੇ ਹਾਂ ?

ਕੀ ਸਾਡੇ ਦੁੱਖਾਂ ਦਾ ਆਧਾਰ
ਸਾਡੀ ਸੁਖਾਂ ਲਈ ਕੀਤੀ
ਕਾਮਨਾ ਨਹੀਂ ਹੈ ?

ਕੀ ਨੀਂਦ ਸਾਨੂੰ
ਮੁੜ ਜਾਗਣ ਲਈ
ਤਿਆਰ ਨਹੀਂ ਕਰਦੀ ?

ਕੀ ਅਸੀਂ ਸ਼ਕਤੀਸ਼ਾਲੀ ਹੋਣ ਤੇ
ਆਪਣੇ ਕਮਜ਼ੋਰ ਵੇਲੇ ਦੇ
ਬਦਲੇ ਨਹੀਂ ਲੈਣ ਲਗਦੇ ?
ਕੀ ਅਸੀਂ ਸੱਚ ਤੇ ਝੂਠ ਦਾ
ਨਿਤਾਰਾ ਕਰਨ ਵੇਲੇ ਵੀ
ਪਖਪਾਤੀ ਨਹੀਂ ਹੋ ਜਾਂਦੇ ?

ਸ਼ਹਿਦ ਨੂੰ ਜਨਮ ਦੇਣ ਵਾਲੀ
ਮਧੂਮੱਖੀ ਦੇ ਡੰਗ ਵਿਚ
ਜ਼ਹਿਰ ਕਿਥੋਂ ਆਉਂਦਾ ਹੈ ?

ਅੱਖ 'ਚ ਆਇਆ ਰਤੀ ਕੁ ਜਾਲਾ
ਕੀ ਸਾਡੀ ਦੂਰ ਤਕ ਪਹੁੰਚ ਵਾਲੀ
ਨਜ਼ਰ ਨੂੰ ਧੁੰਦਲਾ ਨਹੀਂ ਦੇਂਦਾ ?

ਕੀ ਸਮੇਂ ਦੇ ਬਦਲਣ ਨਾਲ
ਸਾਡੇ ਸੁਪਨਿਆਂ 'ਚ
ਬਦਲਾਵ ਨਹੀਂ ਆ ਜਾਂਦਾ ?

ਕੀ ਆਪਣੇ
ਵਧੀਆ ਤੇ ਸੁਚੇ ਹੋਣ ਦੀ ਸੋਚ ਦਾ ਨਸ਼ਾ
ਸਭ ਨਸ਼ਿਆਂ ਤੋਂ ਜਿਆਦਾ
ਖਤਰਨਾਕ ਨਹੀਂ ਹੁੰਦਾ ?

ਕੀ ਕਿਸੇ ਲੜਾਈ ਵਿਚ
ਕਿਸ ਮਜ਼ਲੂਮ ਨੂੰ ਵੇਖ ਕੇ
ਅਸੀਂ ਤਾਕਤਵਰ ਨਹੀਂ ਹੋ ਜਾਂਦੇ ?
ਨ੍ਹੇਰਾ ਤੇ ਚਾਨਣ
ਆਪਸ ਵਿਚ ਗੁਥਮ ਗੁਥਾ ਹੁੰਦੀਆਂ
ਦੋ ਸ਼ਕਤੀਆਂ ਤੋਂ ਬਿਨਾ
ਹੋਰ ਕੀ ਹਨ ?

ਕੀ ਮਰਨ ਬਾਰੇ ਉਹ ਲੋਕ
ਜਿਆਦਾ ਨਹੀਂ ਸੋਚਦੇ
ਜਿਹੜੇ ਰੱਜ ਕੇ
ਕਦੀ ਜੀਅ ਨਹੀਂ ਸਕਦੇ ?

ਕੀ ਸੱਚ ਤੇ ਝੂਠ
ਆਪਸ ਵਿਚ
ਰਿਸ਼ਤੇਦਾਰ ਨਹੀਂ ਹਨ ?

ਕੀ ਬਹੁਤੀ ਦੇਰ ਸੌਣ ਤੋਂ ਪਿਛੋਂ
ਜਾਗਣ ਦਾ
ਨਵਾਂ ਆਨੰਦ ਨਹੀਂ ਮਿਲਦਾ ?

ਜਦੋਂ ਕੋਈ ਤੁਹਾਡਾ ਆਪਣਾ
ਤੁਹਾਡਾ ਸਾਰਾ ਸਕੂਨ ਖੋਹ ਲਵੇ
ਕੀ ਤੁਸੀਂ ਫੇਰ ਵੀ
ਉਸ ਨੂੰ ਆਪਣਾ ਕਹੋਗੇ ?

ਕੀ ਵਿਛੋੜੇ ਤੇ ਮਿਲਾਪ ਦੀ
ਵਿਚਕਾਰਲੀ ਹਾਲਤ ਨੂੰ
ਅਸੀਂ ਨੋ ਮੈਂਜ ਲੈਂਡ ਦਾ ਨਾਂ
ਨਹੀਂ ਦੇ ਸਕਦੇ ?

ਕੀ ਕਵਿਤਾ
ਕਵੀ ਦੀ
ਜਨਣੀ ਨਹੀਂ ?

ਜੇ ਸਵਾਲ ਉਗਮਣੇ ਬੰਦ ਹੋ ਜਾਣ
ਤਾਂ ਕੀ
ਜ਼ਿੰਦਗੀ ਦੀ ਦੌੜ
ਇਸੇ ਤਰ੍ਹਾਂ ਜਾਰੀ ਰਹੇਗੀ ?

ਕੀ ਕੁਝ ਸਵਾਲਾਂ ਦੇ ਉਤਰ
ਤੁਹਾਨੂੰ ਹੋਰ ਸਵਾਲਾਂ ਦੇ
ਸਨਮੁਖ ਨਹੀਂ ਖੜਾ ਕਰ ਦੇਂਦੇ ?

ਕੀ ਕਿਸੇ ਵੀ ਸੱਚ ਦੇ ਪ੍ਰਚਾਰ ਕਰਨ ਨਾਲੋਂ
ਉਸ ਸੱਚ ਨੂੰ ਜੀਣਾ
ਜਿਆਦਾ ਔਖਾ ਨਹੀਂ ?

ਗਏ ਕਲ੍ਹ ਨੂੰ ਝੂਰਦੇ
ਕੀ ਅਸੀਂ ਅਜ ਤੇ ਭਲਕ ਨੂੰ
ਨਜ਼ਰ ਅੰਦਾਜ਼ ਨਹੀਂ ਕਰ ਰਹੇ ਹੁੰਦੇ ?
ਕਿਸੇ ਨੂੰ ਕਮਜ਼ੋਰ ਆਖ ਰਹੇ
ਕੀ ਅਸੀਂ ਆਪਣੇ ਆਪ ਨੂੰ
ਤਾਕਤਵਰ ਨਹੀਂ ਜਤਾ ਰਹੇ ਹੁੰਦੇ ?

ਜਦੋਂ ਕੁਝ ਗੁਆਚਦਾ ਹੈ
ਕੀ ਨਵੇਂ ਕੁਝ ਲਈ
ਥਾਂ ਨਹੀਂ ਬਣ ਰਹੀ ਹੁੰਦੀ ?

ਜਿਹੜਾ ਨਿਡਰ ਹੋਣ ਦਾ
ਦਾਅਵਾ ਕਰਦਾ ਹੈ
ਕੀ ਉਹ ਡਰ ਨਹੀਂ ਰਿਹਾ ਹੁੰਦਾ ?

ਉਹ ਡਰ ਦੀ ਗੱਲ
ਭਲਾ ਕਿਉਂ ਕਰੇਗਾ
ਜਿਹੜਾ ਡਰ ਨੂੰ ਜਾਣਦਾ ਹੀ ਨਹੀਂ ?

ਕੀ ਅਸੀਂ
ਆਪਣੇ ਤ੍ਰਿਪਤ ਹੋਣ ਦੀ ਪੁਸ਼ਟੀ
ਦੂਜਿਆਂ ਤੋਂ ਨਹੀਂ ਭਾਲਦੇ ?

ਜਿਹੜੇ ਆਪਣੀ ਅੰਦਰਲੀ ਆਵਾਜ਼ ਨਾਲ
ਨਹੀਂ ਜਾਗਦੇ
ਕੀ ਉਹ ਬਾਹਰ ਦੇ
ਹਥੌੜਿਆਂ ਨਾਲ ਜਾਗਣਗੇ ?

ਕੀ ਅਸੀਂ ਲੀਰਾਂ ਨੂੰ ਸੰਭਾਲਦੇ
ਸਬੂਤੀ ਪੋਸ਼ਾਕ ਨਹੀਂ
ਗਵਾ ਬਹਿੰਦੇ ?

ਕੀ ਸਾਹਿਤ
ਕਿਸੇ ਦੇ ਜੀਵਨ ਬਿਰਤਾਂਤ ਰਾਹੀਂ
ਆਪਣੇ ਆਪ ਨੂੰ
ਸਮਝਣ ਦਾ ਪਤਨ ਨਹੀਂ ?

ਕੀ ਮੁਕਤੀ
ਮੌਜੂਦਾ ਹਾਲਾਤ ਨੂੰ
ਤੋੜ ਕੇ ਨਿਕਲ ਜਾਣ ਦੀ
ਹਾਲਤ ਦਾ ਨਾਂ ਨਹੀਂ ?

ਕੀ ਹੀਰੇ ਨੂੰ
ਆਪਣੀ ਚਮਕ ਦੀ ਪਹਿਚਾਣ ਲਈ
ਲੋਕਾਂ ਦੀਆਂ ਚੁੰਧਿਆਉਂਦੀਆਂ
ਅਖਾਂ ਦੀ ਲੋੜ ਹੁੰਦੀ ਹੈ ?

ਇਕ ਸਥਿਤੀ ਤੋਂ ਮੁਕਤ ਹੋ ਕੇ
ਕੀ ਅਸੀਂ ਦੂਜੀ ਸਥਿਤੀ ਦੇ
ਗੁਲਾਮ ਨਹੀਂ ਹੋ ਜਾਦੇ ?

ਕੀ ਇਕ ਮੁਕਤੀ
ਦੂਜੀ ਗੁਲਾਮੀ ਦਾ
ਨਾਂ ਨਹੀਂ ?

ਸ਼ਬਦਾਂ ਦੀ ਘੁੰਮਣਘੇਰੀ ਅੰਦਰ ਘਿਰੇ
ਕੀ ਕਰੀਏ ਮਨ ਨੂੰ
ਗੁੰਮ ਗਏ ਮਨ ਦੇ ਤਨ ਦਾ
ਸੇਕ ਹੈ ਕਿਹੜੇ ਤਨ ਨੂੰ ?

ਜਿਹੜਾ ਖਤ ਕਿਸੇ ਇਕ ਦੇ
ਨਾਂ ਨਹੀਂ ਹੁੰਦਾ
ਕੀ ਉਹ ਸਭ ਦੇ ਨਾਂ ਨਹੀਂ ਹੁੰਦਾ ?

ਹਾਲਾਤ ਦੇ ਭਾਰ ਨਾਲ
ਟੁਟਿਆ ਹੋਇਆ ਵਿਅਕਤੀ
ਕੀ ਕਿਸੇ ਵੀ ਸਵਾਲ ਦਾ
ਜੁਵਾਬ ਦੇਣ ਜੋਗਾ ਰਹਿ ਜਾਂਦਾ ਹੈ ?

ਜਿਸ ਦੇ ਨਾਂ
ਸਾਰੀ ਜ਼ਿੰਦਗੀ ਲਿਖ ਦਿਤੀ ਹੋਵੇ
ਉਸ ਦੀ ਬੇਵਫਾਈ ਦੀ ਸ਼ਿਕਾਇਤ
ਕਿਸੇ ਕੋਲ ਕਰੋਗੇ ?

ਇਕ ਦੂਜੇ ਦੇ ਨਾਂ
ਇਲਜਾਮ ਧਰਦੀ ਜ਼ਿੰਦਗੀ ਦੇ
ਆਪਣੇ ਕੀ ਮਾਅਨੇ ਹਨ ?

ਜਦੋਂ ਕੋਈ ਕਿਸੇ ਦੇ ਸਵਾਲ ਦਾ
ਉਤਰ ਦੇਣ ਜੋਗਾ ਨਾ ਰਹੇ
ਉਸ ਦੀ ਇਸ ਹਾਲਤ ਨੂੰ
ਕਿਹੜਾ ਨਾਂ ਦਿਤਾ ਜਾ ਸਕਦਾ ਏ ?

ਕੀ ਆਪਣੇ ਅੰਦਰ ਦੇ
ਸਾਰੇ ਦੁਖ
ਕਿਸੇ ਨੂੰ ਦਸੇ ਜਾ ਸਕਦੇ ਹਨ ?

ਕੀ ਤ੍ਰੇਹ ਦੀ ਵੀ
ਕੋਈ ਭਾਸ਼ਾ ਹੁੰਦੀ ਹੈ ?

ਆਪਣਿਆਂ ਦੀ ਕਚਹਿਰੀ ਦੇ
ਕਟਹਿਰੇ ਅੰਦਰ ਖਲੋਤਿਆਂ
ਕਿਹੋ ਜਿਹਾ ਲਗਦਾ ਏ ?

ਕੀ ਜੀਵਨ ਤੇ ਮੌਤ ਦੇ
ਵਿਚਕਾਰਲੇ ਪਲਾਂ ਬਾਰੇ
ਕੋਈ ਦਸ ਸਕਦਾ ਏ ?
ਕੀ ਕੋਈ ਜ਼ਿੰਦਗੀ ਦੇ
ਦਿੱਸਹਦਿਆਂ ਬਾਰੇ
ਗੱਲ ਕਰ ਸਕਦਾ ਏ ?

ਰਿਸ਼ਤਾ ਜਦ ਬੇਹਾ ਹੋ ਕੇ
ਬੋ ਮਾਰਨ ਲਗੇ
ਉਦੋਂ ਉਸਨੂੰ ਕਿਹੜੇ ਰਿਸ਼ਤੇ ਦਾ
ਨਾਂ ਦਿਤਾ ਜਾ ਸਕਦਾ ਏ ?

ਜਦੋਂ ਜ਼ਿੰਦਗੀ ਸਵਾਲ ਕਰਨੇ
ਬੰਦ ਕਰ ਦੇਵੇ
ਉਦੋਂ ਉਹ ਕੀ ਸੋਚ ਰਹੀ ਹੁੰਦੀ ਏ ?

ਬੇਗਾਨੇ ਤੇ ਆਪਣੇ ਵਿਚ
ਕਿੰਨਾ ਕੁ ਫ਼ਰਕ ਹੁੰਦਾ ਹੈ ?

ਜਦੋਂ ਅਸੀਂ ਕਿਸੇ ਨੂੰ
ਬੇਗਾਨਾ ਸਮਝ ਕੇ ਤ੍ਰਿਸਕਾਰਦੇ ਹਾਂ
ਉਹ ਫਿਰ
ਸਾਡੇ ਲਈ ਕੀ ਬਣਦਾ ਏ ?

ਕੀ ਪ੍ਰਵਾਸੀ ਹੋਣ ਦੀ ਪੀੜ
ਭੁਖੇ ਰਹਿਣ ਦੀ ਪੀੜ ਤੋਂ
ਜਿਆਦਾ ਵੱਡੀ ਏ

ਕੀ ਸਾਨੂੰ ਭੱਦੀ ਦਿਸਦੀ ਚੀਜ਼
ਸਚਮੁੱਚ ਭੱਦੀ ਹੁੰਦੀ ਏ
ਜਾਂ ਸਾਡੀ ਨਜ਼ਰ ਵਿਚ ਫ਼ਰਕ ਹੁੰਦਾ ਏ ?

ਜਦੋਂ ਮੌਤ ਤੇ ਜ਼ਿੰਦਗੀ ਵਿਚ
ਕੋਈ ਫ਼ਰਕ ਨਾ ਲਗੇ
ਉਦੋਂ ਸੰਸਾਰ ਕਿਹੋ ਜਿਹਾ ਲਗਦਾ ਏ ?

ਕੀ ਮਾਨਸਿਕ ਉਥਲ ਪੁਥਲ
ਕਲਾ ਦੀ ਉਤਪਤੀ ਲਈ
ਜਿਆਦਾ ਉਪਜਾਊ ਨਹੀਂ ਹੁੰਦੀ ?

ਜਿਸ ਵੇਲੇ ਕੋਈ ਇਕੋ ਪਲ
ਮੌਤ ਤੇ ਜ਼ਿੰਦਗੀ ਦੇ ਰੂਬਰੂ ਹੋਵੇ
ਉਸ ਵੇਲੇ ਉਸ ਦਾ ਕੀ ਸਵਾਲ ਹੁੰਦਾ ਏ ?

ਕੀ ਅਸੀਂ ਸਾਰੀ ਉਮਰ
ਜ਼ਿੰਦਗੀ ਨੂੰ ਉਨਾ ਜਾਣ ਪਾਉਂਦੇ ਹਾਂ
ਜਿੰਨਾ ਉਹ ਸਾਨੂੰ ਜਾਣਦੀ ਏ ?

ਮਿਟੀ ਦੇ ਭਾਂਡੇ ਨੂੰ
ਚੰਗਾ ਕਹੋ ਜਾਂ ਮਾੜਾ
ਕੀ ਉਹ ਕਿਸੇ ਵੀ ਹਾਲਤ ਵਿਚ
ਟੁਟਣੋਂ ਬਚ ਸਕਦਾ ਏ ?

ਕਿਸੇ ਨੂੰ ਮੂਰਖ ਕਹਿੰਦੇ ਹੋਏ
ਕੀ ਅਸੀਂ
ਆਪਣੇ ਗਿਆਨਵਾਨ ਹੋਣ ਦਾ
ਦਿਖਾਵਾ ਨਹੀਂ ਕਰ ਰਹੇ ਹੁੰਦੇ ?

ਇਕਲਾਪੇ ਦੀ ਗੱਲ ਜਦ ਕਰੀਏ
ਲੋਕੀ ਰੋਕ ਨੇ ਦੇਂਦੇ
ਕੀ ਉਹ ਆਪਣੇ ਅੰਦਰ ਦੇ
ਇਕਲਾਪੇ ਤੋਂ ਡਰ ਜਾਂਦੇ ?

ਤਬਦੀਲੀ ਚਾਹੁਣ ਵਾਲਾ
ਵੇਲੇ ਦੀਆਂ ਨਜ਼ਰਾਂ ਵਿਚ
ਕਿਉਂ ਬਣ ਜਾਵੇ ਕੁਰਾਹੀਆ ?
ਮਹਿਕ ਕਿਥੋਂ ਲੈ
ਆਉਂਦੇ ਨੇ
ਮਹਿਕਾਂ ਦੇ
ਬਣਜਾਰੇ ਫੁਲ ?

ਏਨੇ ਰੰਗਾਂ ਦਾ ਭਾਰ ਚੁਕੀ
ਕਿਵੇਂ ਉਡਦੀਆਂ
ਫਿਰਨ ਤਿਤਲੀਆਂ ?

ਮਧੂੱਮਖੀ ਨੂੰ
ਫੁਲਾਂ ਦੇ ਬਾਗ ਦਾ
ਪਤਾ ਕੌਣ ਦਸਦਾ ਏ ?